9-DEC-PAGE-1.qxd 12/8/2023 10:02 PM Page 1

ਸ਼ਨੀਵਾਰ, 9 ਦਸੰਬਰ, 2023
24 ਮੱਘਰ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 189

# ਨਵਾਂ ਜ਼ਮਾਨਾ

DAILY NAWAN ZAMANA • SATURDAY, 9 DECEMBER, 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਗੰਢਿਆਂ ਦੀ ਬਰਾਮਦ 'ਤੇ ਰੋਕ



**ਨਵੀਂ ਦਿੱਲੀ :** ਸਰਕਾਰ ਨੇ ਘਰੇਲੂ ਮੰਗ ਪੂਰੀ ਕਰਨ ਅਤੇ ਕੀਮਤਾਂ ਨੂੰ ਕਾਬੂ 'ਚ ਕਰਨ ਲਈ ਅਗਲੇ ਸਾਲ ਮਾਰਚ ਤੱਕ ਪਿਆਜ਼ ਦੀ ਬਰਾਮਦ 'ਤੇ ਪਾਬੰਦੀ ਲਾ ਦਿੱਤੀ ਹੈ। ਵਿਦੇਸ਼ੀ ਵਪਾਰ ਡਾਇਰੈਕਟੋਰੇਟ ਜਨਰਲ ਵੱਲੋਂ ਜਾਰੀ ਨੋਟੀਫਿਕੇਸ਼ਨ 'ਚ ਕਿਹਾ ਗਿਆ ਹੈ-ਪਿਆਜ਼ ਦੀ ਬਰਾਮਦ ਦੀ ਨੀਤੀ ਨੂੰ 31 ਮਾਰਚ 2024 ਤੱਕ ਖੁੱਲ੍ਹੀ ਤੋਂ ਪਾਬੰਦੀ ਵਾਲੀ ਸ਼੍ਰੇਣੀ 'ਚ ਬਦਲ ਦਿੱਤਾ ਗਿਆ ਹੈ।

## ਭਾਗਵਤ ਦੀ ਬਾਬਾ ਢਿੱਲੋਂ ਨਾਲ ਬੰਦ ਕਮਰਾ ਮੀਟਿੰਗ

**ਰਈਆ :** ਆਰ ਐੱਸ ਐੱਸ ਦੇ ਮੁਖੀ ਮੋਹਨ ਭਾਗਵਤ ਨੇ ਸ਼ੁੱਕਰਵਾਰ ਸਵੇਰੇ ਡੇਰਾ ਰਾਧਾ ਸੁਆਮੀ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨਾਲ 11 ਤੋਂ 12 ਵਜੇ ਤੱਕ ਬੰਦ ਕਮਰਾ ਮੀਟਿੰਗ ਕੀਤੀ। ਭਾਗਵਤ 10.30 ਵਜੇ ਗੱਡੀਆਂ ਦੇ ਵੱਡੇ ਕਾਫਲੇ ਨਾਲ ਡੇਰਾ ਬਿਆਸ 'ਚ ਦਾਖਲ ਹੋਏ। ਉਹ ਕਰੀਬ ਦੋ ਘੰਟੇ ਡੇਰੇ ਦੇ ਅੰਦਰ ਰਹੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ ਸਰਕਾਰ ਦੇ ਕਈ ਕੇਂਦਰੀ ਮੰਤਰੀ ਵੀ ਪਿਛਲੇ ਮਹੀਨਿਆਂ 'ਚ ਡੇਰੇ ਦੇ ਮੁਖੀ ਨੂੰ ਮਿਲ ਚੁੱਕੇ ਹਨ।

## ਰਾਜੋਆਣਾ ਨੇ ਜੂਸ ਪੀ ਕੇ ਭੁੱਖ ਹੜਤਾਲ ਤੋੜੀ

**ਪਟਿਆਲਾ :** ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਵੀਰ ਸਿੰਘ, ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸੁਲਤਾਨ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਸ਼ੁੱਕਰਵਾਰ ਜੇਲ੍ਹ 'ਚ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਮਿਲੇ ਤੇ ਰਾਜੋਆਣਾ ਨੇ ਅਕਾਲ ਤਖਤ ਦੇ ਜਥੇਦਾਰ ਹੱਥੋਂ ਜੂਸ ਪੀ ਕੇ ਆਪਣੀ ਭੁੱਖ ਹੜਤਾਲ ਤੋੜ ਦਿੱਤੀ। ਮੁਲਾਕਾਤ ਦੌਰਾਨ ਤਿੰਨ ਮੈਂਬਰੀ ਕਮੇਟੀ ਨੇ ਸ੍ਰੀ ਰਾਜੋਆਣਾ ਨੂੰ ਭਰੋਸਾ ਦਿਵਾਇਆ ਹੈ ਕਿ ਉਸ ਦੀ ਫਾਂਸੀ ਦੀ ਸਜ਼ਾ ਸੰਬੰਧੀ ਦਾਇਰ ਰਹਿਮ ਦੀ ਅਪੀਲ ਦੇ ਜਲਦੀ ਨਿਬੇੜੇ ਲਈ ਸਮੂਹ ਸਿੱਖ ਸੰਸਥਾਵਾਂ ਨੂੰ ਨਾਲ ਲੈ ਕੇ ਸੰਘਰਸ਼ ਕੀਤਾ ਜਾਵੇਗਾ।

## ਭੁਚਾਲ ਦੇ ਝਟਕੇ

**ਨਵੀਂ ਦਿੱਲੀ :** ਮਹਾਰਾਸ਼ਟਰ ਦੀ ਸਰਹੱਦ ਨਾਲ ਲੱਗਦੇ ਉੱਤਰੀ ਕਰਨਾਟਕ ਦੇ ਵਿਜੈਪੁਰਾ ਜ਼ਿਲ੍ਹੇ ਦੇ ਕੁਝ ਹਿੱਸਿਆਂ 'ਚ ਸ਼ੁੱਕਰਵਾਰ ਸਵੇਰੇ ਭੁਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਰੈਕਟਰ ਪੈਮਾਨੇ 'ਤੇ ਇਨ੍ਹਾਂ ਦੀ ਸ਼ਿੱਦਤ 3.0 ਨਾਪੀ ਗਈ। ਭੂਚਾਲ ਸਵੇਰੇ 6.52 ਵਜੇ ਆਇਆ ਅਤੇ ਇਸ ਦੇ ਝਟਕੇ 40-50 ਕਿਲੋਮੀਟਰ ਦੇ ਦਾਇਰੇ 'ਚ ਮਹਿਸੂਸ ਕੀਤੇ ਗਏ। ਮੇਘਾਲਿਆ ਦੀ ਰਾਜਧਾਨੀ ਸ਼ਿਲਾਂਗ ਅਤੇ ਆਸਪਾਸ ਦੇ ਇਲਾਕਿਆਂ 'ਚ ਵੀ 3.8 ਦੀ ਸ਼ਿੱਦਤ ਨਾਲ ਸਵੇਰੇ 8.46 ਵਜੇ ਭੁਚਾਲ ਦੇ ਝਟਕੇ ਲੱਗੇ। ਗੁਜਰਾਤ ਦੇ ਕੱਛ ਜ਼ਿਲ੍ਹੇ ਦੇ ਰਾਪਰ ਕਸਬੇ ਨੇੜੇ ਸਵੇਰੇ 4.2 ਦੀ ਸ਼ਿੱਦਤ ਨਾਲ ਭੁਚਾਲ ਆਇਆ। ਜਾਨੀ-ਮਾਲੀ ਨੁਕਸਾਨ ਦੀ ਖਬਰ ਨਹੀਂ ਹੈ।

## ਲਾਲਦੁਹੋਮਾ ਨੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ



**ਆਈਜ਼ੋਲ :** ਜ਼ੋਰਮ ਪੀਪਲਜ਼ ਮੂਵਮੈਂਟ (ਜ਼ੈੱਡ ਪੀ ਐੱਮ) ਦੇ ਆਗੂ ਲਾਲਦੁਹੋਮਾ ਨੇ ਸ਼ੁੱਕਰਵਾਰ ਮਿਜ਼ੋਰਮ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ। ਰਾਜਪਾਲ ਹਰੀ ਬਾਬੂ ਕੰਭਮਪਤੀ ਨੇ ਸਹੁੰ ਚੁਕਾਈ। ਮਿਜ਼ੋਰਮ 'ਚ 40 ਮੈਂਬਰੀ ਵਿਧਾਨ ਸਭਾ ਹੈ ਅਤੇ ਮੁੱਖ ਮੰਤਰੀ ਸਮੇਤ 12 ਮੰਤਰੀ ਹੋ ਸਕਦੇ ਹਨ। ਜ਼ੈੱਡ ਪੀ ਐੱਮ ਨੇ 7 ਨਵੰਬਰ ਨੂੰ ਹੋਈਆਂ ਵਿਧਾਨ ਸਭਾ ਚੋਣਾਂ 'ਚ 40 ਵਿੱਚੋਂ 27 ਸੀਟਾਂ ਜਿੱਤੀਆਂ ਸਨ।

## ਪੂਤਿਨ ਵੱਲੋਂ ਚੋਣ ਲੜਨ ਦਾ ਐਲਾਨ



**ਮਾਸਕੋ :** ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ (71) ਨੇ ਅਗਲੇ ਸਾਲ 17 ਮਾਰਚ ਨੂੰ ਹੋਣ ਵਾਲੀ ਰਾਸ਼ਟਰਪਤੀ ਦੀ ਚੋਣ ਲੜਨ ਦਾ ਐਲਾਨ ਕਰ ਦਿੱਤਾ ਹੈ। ਰਾਸ਼ਟਰਪਤੀ ਛੇ ਸਾਲਾਂ ਲਈ ਚੁਣਿਆ ਜਾਂਦਾ ਹੈ। ਪੂਤਿਨ ਪਹਿਲੀ ਵਾਰ 1999 ਵਿਚ ਐਕਟਿੰਗ ਰਾਸ਼ਟਰਪਤੀ ਬਣੇ ਸਨ ਜਦੋਂ ਬੋਰਿਸ ਯੇਲਤਸਿਨ ਨੇ ਅਚਾਨਕ ਅਸਤੀਫਾ ਦੇ ਦਿੱਤਾ ਸੀ। ਉਹ ਮਾਰਚ 2000 ਵਿਚ ਰਾਸ਼ਟਰਪਤੀ ਚੁਣੇ ਗਏ। ਮਿਆਦ ਦੀ ਹੱਦ ਕਾਰਨ ਉਨ੍ਹਾ ਨੂੰ 2008 ਵਿਚ ਅਹੁਦਾ ਛੱਡਣਾ ਪਿਆ ਸੀ ਤੇ ਉਦੋਂ ਉਨ੍ਹਾ ਆਪਣੇ ਕਰੀਬੀ ਦਮਿਤਰੀ ਮੇਦਵੇਦੇਵ ਨੂੰ ਰਾਸ਼ਟਰਪਤੀ ਬਣਵਾ ਦਿੱਤਾ ਸੀ ਤੇ ਖੁਦ ਪ੍ਰਧਾਨ ਮੰਤਰੀ ਬਣ ਗਏ ਸਨ। ਜਦੋਂ ਪੂਤਿਨ ਨੇ ਕਿਹਾ ਕਿ ਉਹ 2012 ਦੀ ਚੋਣ ਲੜਨਗੇ ਤਾਂ ਮੇਦਵੇਦੇਵ ਪ੍ਰਧਾਨ ਮੰਤਰੀ ਬਣਨਾ ਮਨ ਗਏ।

# ਮਹੂਆ ਨੂੰ ਲੋਕ ਸਭਾ 'ਚੋਂ ਕੱਢ'ਤਾ



ਇਕਮੁੱਠਤਾ ਦਾ ਮੁਜ਼ਾਹਰਾ ਕਰਦਿਆਂ ਸੋਨੀਆ ਗਾਂਧੀ ਤੇ ਹੋਰ ਮੈਂਬਰ ਮਹੂਆ ਮੋਇਤਰਾ ਦੇ ਨਾਲ ਸਦਨ ਵਿੱਚੋਂ ਬਾਹਰ ਨਿਕਲੇ।

**ਨਵੀਂ ਦਿੱਲੀ :** ਸਰਕਾਰ ਖਿਲਾਫ ਖੁੱਲ੍ਹ ਕੇ ਬੋਲਣ ਵਾਲੀ ਟੀ ਐੱਮ ਸੀ ਦੀ ਸਾਂਸਦ ਮਹੂਆ ਮੋਇਤਰਾ ਨੂੰ ਪੈਸੇ ਲੈ ਕੇ ਸਵਾਲ ਪੁੱਛਣ ਦੇ ਦੋਸ਼ ਵਿਚ ਸ਼ੁੱਕਰਵਾਰ ਅਪੋਜ਼ੀਸ਼ਨ ਮੈਂਬਰਾਂ ਦੇ ਵਾਕਆਊਟ ਦਰਮਿਆਨ ਲੋਕ ਸਭਾ ਵਿੱਚੋਂ ਕੱਢ ਦਿੱਤਾ ਗਿਆ। ਸਦਨ ਨੇ ਨੈਤਿਕਤਾ (ਐਥਿਕਸ) ਕਮੇਟੀ ਦੀ ਉਸ ਰਿਪੋਰਟ ਨੂੰ ਮਨਜ਼ੂਰੀ ਦੇ ਦਿੱਤੀ, ਜਿਸ 'ਚ ਮਹੂਆ ਨੂੰ ਕੱਢਣ ਦੀ ਸਿਫਾਰਸ਼ ਕੀਤੀ ਗਈ ਸੀ। ਇਸਤੋਂ ਬਾਅਦ ਲੋਕ ਸਭਾ ਨੇ ਮਹੂਆ ਮੋਇਤਰਾ ਨੂੰ ਕੱਢਣ ਦੇ ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਹਿਲਾਦ ਜੋਸ਼ੀ ਦੇ ਮਤੇ ਨੂੰ ਮਨਜ਼ੂਰੀ ਦੇ ਦਿੱਤੀ। ਫਿਰ ਸਦਨ ਨੂੰ ਸੋਮਵਾਰ ਸਵੇਰੇ 11 ਵਜੇ ਤੱਕ ਲਈ ਉਠਾਅ ਦਿੱਤਾ ਗਿਆ। ਸੋਨੀਆ ਗਾਂਧੀ ਤੇ ਰਾਹੁਲ ਗਾਂਧੀ ਇਕਮੁੱਠਤਾ ਪ੍ਰਗਟਾਉਂਦਿਆਂ ਮਹੂਆ ਦੇ ਨਾਲ ਸਦਨ ਵਿੱਚੋਂ ਬਾਹਰ ਆਏ। ਰਿਪੋਰਟ 'ਤੇ ਬਹਿਸ ਦੌਰਾਨ ਸਪੀਕਰ ਓਮ ਬਿਰਲਾ ਨੇ ਮਹੂਆ ਨੂੰ ਬੋਲਣ ਦਾ ਇਹ ਕਹਿ ਕੇ ਸਮਾਂ ਨਹੀਂ ਦਿੱਤਾ ਕਿ ਉਹ ਨੈਤਿਕਤਾ ਕਮੇਟੀ ਦੀਆਂ ਮੀਟਿੰਗਾਂ ਵਿਚ ਬੋਲ ਚੁੱਕੀ ਹੈ।

ਮਹੂਆ ਨੇ ਬਰਖਾਸਤ ਕੀਤੇ ਜਾਣ ਤੋਂ ਬਾਅਦ ਕਿਹਾ—ਲੋਕ ਸਭਾ ਦੀ ਨੈਤਿਕਤਾ ਕਮੇਟੀ ਦੀ ਰਿਪੋਰਟ ਨੇ ਸਾਰੇ ਨਿਯਮ ਤੋੜ ਦਿੱਤੇ ਹਨ ਤੇ ਇਹ ਮੈਨੂੰ ਝੁਕਣ ਲਈ ਮਜਬੂਰ ਕਰਨ ਦਾ ਹਥਿਆਰ ਬਣ ਗਈ। ਮੈਨੂੰ ਉਸ ਜ਼ਾਬਤੇ ਦੀ ਉਲੰਘਣਾ ਕਰਨ ਦਾ ਦੋਸ਼ੀ ਕਰਾਰ ਦਿੱਤਾ ਗਿਆ ਹੈ, ਜਿਸ ਦੀ ਕੋਈ ਹੋਂਦ ਹੀ ਨਹੀਂ। ਕੈਸ਼ ਜਾਂ ਗਿਫਟ ਬਾਰੇ ਕੋਈ ਸਬੂਤ ਹੀ ਨਹੀਂ ਮਿਲਿਆ। ਨੈਤਿਕਤਾ ਕਮੇਟੀ ਨੇ ਜੜ੍ਹ ਤਕ ਪੁੱਜੇ ਬਿਨਾਂ ਮੇਰੇ ਖਿਲਾਫ ਰਿਪੋਰਟ ਬਣਾਈ ਤੇ ਕੰਗਾਰੂ ਕੋਰਟ ਨੇ ਬਿਨਾਂ ਸਬੂਤ ਮੈਨੂੰ ਸਜ਼ਾ ਦੇ ਦਿੱਤੀ।

ਨੈਤਿਕਤਾ ਕਮੇਟੀ ਦੇ ਚੇਅਰਮੈਨ ਵਿਨੋਦ ਕੁਮਾਰ ਸੋਨਕਰ ਨੇ 500 ਸਫਿਆਂ ਦੀ ਰਿਪੋਰਟ 12 ਵਜੇ ਪੇਸ਼ ਕੀਤੀ। ਰਿਪੋਰਟ ਵਿਚ ਮਹੂਆ ਨੂੰ ਕੱਢਣ ਦੀ ਸਿਫਾਰਸ਼ ਤੇ ਕਾਨੂੰਨੀ ਜਾਂਚ ਕਰਾਉਣ ਦੀ ਮੰਗ ਕੀਤੀ ਗਈ। ਤ੍ਰਿਣਮੂਲ ਕਾਂਗਰਸ ਦੇ ਮੈਂਬਰਾਂ ਨੇ 500 ਸਫਿਆਂ ਦੀ ਰਿਪੋਰਟ ਪੜ੍ਹਨ ਲਈ 48 ਘੰਟਿਆਂ ਦਾ ਸਮਾਂ ਮੰਗਿਆ ਪਰ ਸਪੀਕਰ ਨੇ ਨਹੀਂ ਦਿੱਤਾ ਅਤੇ ਨਿਯਮ 316 ਤਹਿਤ ਅੱਧਾ ਘੰਟਾ ਚਰਚਾ ਲਈ ਨਿਰਧਾਰਤ ਕਰ ਦਿੱਤਾ। ਕਾਂਗਰਸ ਦੇ ਆਗੂ ਅਧੀਰ ਰੰਜਨ ਚੌਧਰੀ ਨੇ ਰਿਪੋਰਟ ਪੜ੍ਹਨ ਲਈ ਤਿੰਨ ਦਿਨ ਮੰਗੇ ਸੀ। ਅਪੋਜ਼ੀਸ਼ਨ ਨੇ ਸਦਨ ਵਿਚ 'ਮੋਦੀ ਸਰਕਾਰ-ਹਾਇ ਹਾਇ' ਦੇ ਨਾਅਰੇ ਲਾਏ। ਕਾਂਗਰਸ ਸਾਂਸਦ ਸ਼ਸ਼ੀ ਥਰੂਰ ਨੇ ਸੰਸਦ ਦੇ ਬਾਹਰ ਮੀਡੀਆ ਨਾਲ ਗੱਲ ਕਰਦਿਆਂ ਕਿਹਾ ਕਿ ਇਨਸਾਫ ਦਾ ਮਜ਼ਾਕ ਬਣਾ ਦਿੱਤਾ ਗਿਆ। ਉਨ੍ਹਾ ਕਿਹਾ ਕਿ ਰਿਪੋਰਟ ਅੱਧੀ-ਅਧੂਰੀ ਹੈ। ਇੰਜ ਲੱਗਦਾ ਹੈ ਕਿ ਕਿਸੇ ਨੇ ਢਾਈ ਮਿੰਟ ਵਿਚ ਤਿਆਰ ਕਰ ਦਿੱਤੀ ਹੋਵੇ। ਦੋਸ਼ ਲਾਉਣ ਵਾਲਿਆਂ ਨਾਲ ਜਿਰਹ ਕਰਨ ਦਾ ਕੋਈ ਜਤਨ ਨਹੀਂ ਕੀਤਾ ਗਿਆ। ਸਿੱਧਾ ਸਾਂਸਦ ਨੂੰ ਕੱਢਣ ਤਕ ਪੁੱਜਣਾ ਅਪਮਾਨਜਨਕ ਹੈ। ਅਕਤੂਬਰ ਵਿਚ ਭਾਜਪਾ ਸਾਂਸਦ ਨਿਸ਼ੀਕਾਂਤ ਦੂਬੇ ਨੇ ਸੁਪਰੀਮ ਕੋਰਟ ਦੇ ਵਕੀਲ ਜੈ ਅਨੰਤ ਦੇਹਰਾਦਰਾਈ ਦੀ ਸ਼ਿਕਾਇਤ ਨੂੰ ਆਧਾਰ ਬਣਾ ਕੇ ਦੋਸ਼ ਲਾਇਆ ਸੀ ਕਿ ਮਹੂਆ ਡੁਬਈ ਰਹਿੰਦੇ ਬਿਜ਼ਨਸਮੈਨ ਦਰਸ਼ਨ ਹੀਰਾਨੰਦਾਨੀ ਤੋਂ ਪੈਸੇ ਲੈ ਕੇ ਸਵਾਲ ਪੁੱਛਦੀ ਰਹੀ ਹੈ। ਹੀਰਾਨੰਦਾਨੀ ਨੇ 19 ਅਕਤੂਬਰ ਨੂੰ ਨੈਤਿਕਤਾ ਕਮੇਟੀ ਨੂੰ ਦਿੱਤੇ ਹਲਫਨਾਮੇ ਵਿਚ ਦਾਅਵਾ ਕੀਤਾ ਕਿ ਮਹੂਆ ਨੇ ਉਸਨੂੰ ਆਪਣੀ ਪਾਰਲੀਮੈਂਟ ਵਾਲੀ ਲੌਗਇਨ ਆਈ ਡੀ ਤੇ ਪਾਸਵਰਡ ਦਿੱਤਾ ਸੀ ਤਾਂ ਜੋ ਜਦੋਂ ਲੋੜ ਪਵੇ ਉਹ ਸਿੱਧਾ ਸਵਾਲ ਪੋਸਟ ਕਰ ਸਕੇ। ਮਹੂਆ 'ਤੇ ਦੋਸ਼ ਲਾਏ ਗਏ ਕਿ ਮਹੂਆ ਨੇ ਹੀਰਾਨੰਦਾਨੀ ਤੋਂ ਗਿਫਟ ਤੇ ਪੈਸੇ ਲਏ ਅਤੇ ਇਸ ਤਰ੍ਹਾਂ ਕੌਮੀ ਸੁਰੱਖਿਆ ਲਈ ਖਤਰਾ ਪੈਦਾ ਕੀਤਾ। ਮਹੂਆ ਨੇ ਕਿਹਾ ਕਿ ਪਾਸਵਰਡ ਸਹਾਇਕਾਂ ਕੋਲ ਹੁੰਦਾ ਹੈ ਤੇ ਉਹ ਲੋਕਾਂ ਵੱਲੋਂ ਆਏ ਸਵਾਲਾਂ ਨਾਲ ਨਜਿੱਠਦੇ ਹਨ। ਉਸਨੇ ਕੋਈ ਅਲੋਕਾਰੀ ਗੱਲ ਨਹੀਂ ਕੀਤੀ ਸੀ। ਯਾਦ ਰਹੇ ਮਹੂਆ ਬਿਜ਼ਨਸਮੈਨ ਗੌਤਮ ਅਡਾਨੀ ਦੀਆਂ ਕੰਪਨੀਆਂ ਬਾਰੇ ਤਿੱਖੇ ਸਵਾਲ ਕਰਦੀ ਸੀ।

## ਭਾਰਤ ਰਣਨੀਤਕ ਭਾਈਵਾਲ ਹੈ, ਪਰ ਪਨੂੰ ਮਾਮਲੇ 'ਚ ਜਵਾਬਦੇਹੀ ਤੈਅ ਕਰੇ : ਅਮਰੀਕਾ



**ਵਾਸ਼ਿੰਗਟਨ :** ਅਮਰੀਕਾ ਨੇ ਕਿਹਾ ਹੈ ਕਿ ਭਾਰਤ ਅਮਰੀਕਾ ਦਾ ਰਣਨੀਤਕ ਭਾਈਵਾਲ ਹੈ ਅਤੇ ਉਸ ਨੇ ਨਵੀਂ ਦਿੱਲੀ ਨੂੰ ਅਪੀਲ ਕੀਤੀ ਹੈ ਕਿ ਉਹ ਅਮਰੀਕੀ ਨਾਗਰਿਕ ਵੱਖਵਾਦੀ ਨੇਤਾ ਗੁਰਪਤਵੰਤ ਸਿੰਘ ਪਨੂੰ ਦੀ ਹੱਤਿਆ ਦੀ ਸਾਜ਼ਿਸ਼ ਲਈ ਜ਼ਿੰਮੇਵਾਰ ਲੋਕਾਂ ਨੂੰ ਜਵਾਬਦੇਹ ਠਹਿਰਾਏ। ਅਮਰੀਕਾ ਦੇ ਕੌਮੀ ਸੁਰੱਖਿਆ ਬੁਲਾਰੇ ਜਾਨ ਕਿਰਬੀ ਨੇ ਇੱਥੇ ਵ੍ਹਾਈਟ ਹਾਊਸ 'ਚ ਪ੍ਰੈੱਸ ਕਾਨਫਰੰਸ 'ਚ ਕਿਹਾ-ਭਾਰਤ ਸਾਡਾ ਰਣਨੀਤਕ ਭਾਈਵਾਲ ਹੈ। ਅਸੀਂ ਇਸ ਰਣਨੀਤਕ ਭਾਈਵਾਲੀ ਨੂੰ ਹੋਰ ਡੂੰਘਾ ਕਰ ਰਹੇ ਹਾਂ। ਇਸ ਦੇ ਨਾਲ ਹੀ ਅਸੀਂ ਯਕੀਨੀ ਤੌਰ 'ਤੇ ਇਨ੍ਹਾਂ ਦੋਸ਼ਾਂ ਦੀ ਗੰਭੀਰਤਾ ਨੂੰ ਵੀ ਸਮਝਦੇ ਹਾਂ। ਇਸ ਕਥਿਤ ਸਾਜ਼ਿਸ਼ ਦਾ ਭਾਰਤ ਅਤੇ ਅਮਰੀਕਾ ਦੇ ਦੁਵੱਲੇ ਸਬੰਧਾਂ 'ਤੇ ਕੀ ਪ੍ਰਭਾਵ ਪੈ ਸਕਦਾ ਹੈ, ਨਾਲ ਜੁੜੇ ਸਵਾਲ ਦਾ ਜਵਾਬ ਦਿੰਦੇ ਹੋਏ ਕਿਰਬੀ ਨੇ ਕਿਹਾ-ਅਸੀਂ ਚਾਹੁੰਦੇ ਹਾਂ ਕਿ ਇਸ ਦੀ ਡੂੰਘੀ ਜਾਂਚ ਹੋਣੀ ਚਾਹੀਦੀ ਹੈ ਅਤੇ ਜ਼ਿੰਮੇਵਾਰਾਂ ਨੂੰ ਢੁਕਵੇਂ ਢੰਗ ਨਾਲ ਜਵਾਬਦੇਹ ਬਣਾਇਆ ਜਾਵੇ। ਇਸ ਮਾਮਲੇ ਦੀ ਸਰਗਰਮੀ ਨਾਲ ਜਾਂਚ ਕੀਤੀ ਜਾ ਰਹੀ ਹੈ। ਅਸੀਂ ਕਿਹਾ ਹੈ ਕਿ ਸਾਨੂੰ ਖੁਸ਼ੀ ਹੈ ਕਿ ਭਾਰਤੀ ਹਮਰੁਤਬਾ ਇਸ ਨੂੰ ਗੰਭੀਰਤਾ ਨਾਲ ਲੈ ਰਹੇ ਹਨ ਅਤੇ ਪੂਰੀ ਤਰ੍ਹਾਂ ਜਾਂਚ ਕਰ ਰਹੇ ਹਨ, ਜਦੋਂ ਤੱਕ ਜਾਂਚ ਪੂਰੀ ਨਹੀਂ ਹੋ ਜਾਂਦੀ, ਮੈਂ ਅੱਗੇ ਕੁਝ ਨਹੀਂ ਕਹਾਂਗਾ।

## ਦੀਪ ਮਲਹੋਤਰਾ ਦੇ ਘਰ ਦੇ ਬਾਹਰ ਫਾਇਰਿੰਗ ਕਰਨ ਵਾਲੇ ਦੋ ਸ਼ੂਟਰ ਫੜੇ



**ਨਵੀਂ ਦਿੱਲੀ :** ਇੱਥੋਂ ਦੇ ਪੰਜਾਬੀ ਬਾਗ ਇਲਾਕੇ 'ਚ ਫਰੀਦਕੋਟ ਦੇ ਸਾਬਕਾ ਵਿਧਾਇਕ ਤੇ ਸ਼ਰਾਬ ਕਾਰੋਬਾਰੀ ਦੀਪ ਮਲਹੋਤਰਾ ਦੇ ਘਰ ਦੇ ਬਾਹਰ ਗੋਲੀਬਾਰੀ ਕਰਨ 'ਚ ਕਥਿਤ ਤੌਰ 'ਤੇ ਸ਼ਾਮਲ ਦੋ ਮੁਲਜ਼ਮਾਂ ਨੂੰ ਦਿੱਲੀ ਪੁਲਸ ਦੀ ਕ੍ਰਾਈਮ ਬ੍ਰਾਂਚ ਨੇ ਸ਼ੁੱਕਰਵਾਰ ਗ੍ਰਿਫਤਾਰ ਕਰ ਲਿਆ। ਮੁਲਜ਼ਮਾਂ ਦੀ ਪਛਾਣ ਆਕਾਸ਼ ਸੋਨੀਪਤ ਅਤੇ ਅਖਿਲ ਚਰਖੀ ਦਾਦਰੀ ਵਜੋਂ ਹੋਈ ਹੈ।

ਇਹ ਦੋਵੇਂ ਗੋਲਡੀ ਬਰਾੜ-ਲਾਰੈਂਸ ਬਿਸ਼ਨੋਈ ਗੈਂਗ ਦੇ ਸ਼ੂਟਰ ਹਨ। 3 ਦਸੰਬਰ ਦੀ ਗੋਲੀਬਾਰੀ ਦੀ ਘਟਨਾ ਘਰ ਦੇ ਬਾਹਰ ਲੱਗੇ ਸੀ ਸੀ ਟੀ ਵੀ ਕੈਮਰੇ 'ਚ ਕੈਦ ਹੋ ਗਈ ਸੀ।

## ਇਕ ਸਾਲ 'ਚ 94 ਮੀਡੀਆ ਕਰਮੀ ਮਾਰੇ ਗਏ

**ਬਰੱਸਲਜ਼ :** ਦੁਨੀਆ-ਭਰ ਦੇ ਪੱਤਰਕਾਰਾਂ ਦੀ ਨੁਮਾਇੰਦਗੀ ਕਰਨ ਵਾਲੀ ਪ੍ਰਮੁੱਖ ਸੰਸਥਾ ਨੇ ਆਪਣਾ ਕੰਮ ਕਰਦੇ ਹੋਏ ਮੀਡੀਆ ਕਰਮੀਆਂ ਦੀਆਂ ਮੌਤਾਂ ਦੀਆਂ ਘਟਨਾਵਾਂ ਨੂੰ ਗੰਭੀਰ ਚਿੰਤਾ ਦਾ ਵਿਸ਼ਾ ਦੱਸਦਿਆਂ ਕਿਹਾ ਹੈ ਕਿ 2023 'ਚ ਦੁਨੀਆ-ਭਰ 'ਚ 94 ਮੀਡੀਆ ਕਰਮੀਆਂ ਦੀ ਮੌਤ ਹੋਈ ਤੇ ਪਿਛਲੇ 30 ਸਾਲਾਂ 'ਚ ਕਿਸੇ ਵੀ ਸੰਘਰਸ਼ ਦੌਰਾਨ ਇੰਨੀ ਵੱਡੀ ਗਿਣਤੀ 'ਚ ਪੱਤਰਕਾਰ ਨਹੀਂ ਮਾਰੇ ਗਏ ਹਨ, ਜਿੰਨੇ ਹਮਾਸ ਅਤੇ ਇਜ਼ਰਾਈਲ ਵਿਚਕਾਰ ਜੰਗ 'ਚ ਮਾਰੇ ਗਏ ਹਨ। ਇੰਟਰਨੈਸ਼ਨਲ ਫੈਡਰੇਸ਼ਨ ਆਫ ਜਰਨਲਿਸਟਸ (ਆਈ ਐੱਫ ਜੇ) ਨੇ ਮੀਡੀਆ ਕਰਮੀਆਂ ਦੀਆਂ ਮੌਤਾਂ ਦੀ ਆਪਣੀ ਸਾਲਾਨਾ ਗਿਣਤੀ 'ਚ ਕਿਹਾ ਹੈ ਕਿ ਇਸ ਸਾਲ ਹੁਣ ਤੱਕ 94 ਪੱਤਰਕਾਰ ਮਾਰੇ ਜਾ ਚੁੱਕੇ ਹਨ ਅਤੇ ਕਰੀਬ 400 ਹੋਰ ਜੇਲ੍ਹਾਂ 'ਚ ਬੰਦ ਹਨ।

ਸੰਗਠਨ ਨੇ ਅਫਗਾਨਿਸਤਾਨ, ਫਿਲਪੀਨਜ਼, ਭਾਰਤ, ਚੀਨ ਅਤੇ ਬੰਗਲਾਦੇਸ਼ 'ਚ ਮੀਡੀਆ ਕਰਮੀਆਂ ਦੀਆਂ ਮੌਤਾਂ ਦੀਆਂ ਘਟਨਾਵਾਂ ਦੀ ਵੀ ਨਿੰਦਾ ਕੀਤੀ ਹੈ। ਉਸ ਨੇ ਕਿਹਾ ਕਿ 7 ਅਕਤੂਬਰ ਨੂੰ ਹਮਾਸ ਦੇ ਇਜ਼ਰਾਈਲ 'ਤੇ ਹਮਲੇ ਤੋਂ ਬਾਅਦ ਇਜ਼ਰਾਈਲ-ਹਮਾਸ ਯੁੱਧ ਨੂੰ ਕਵਰ ਕਰਨ ਵਾਲੇ 68 ਪੱਤਰਕਾਰ ਮਾਰੇ ਗਏ ਹਨ, ਜੋ ਦੁਨੀਆ ਭਰ 'ਚ ਮਾਰੇ ਗਏ ਸਾਰੇ ਮੀਡੀਆ ਕਰਮਚਾਰੀਆਂ ਦਾ 72 ਪ੍ਰਤੀਸ਼ਤ ਹੈ।

## 250 ਨਰਸਿੰਗ ਅਫਸਰਾਂ ਨੂੰ ਨਿਯੁਕਤੀ ਪੱਤਰ ਸੌਂਪੇ



**ਫਰੀਦਕੋਟ (ਡਿਸੂਜਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ੁੱਕਰਵਾਰ ਪੰਜਾਬ 'ਚ ਸਮਾਜਿਕ ਅਲਾਮਤਾਂ ਨੂੰ ਜੜ੍ਹੋਂ ਪੁੱਟ ਕੇ ਦੇਸ਼ ਦਾ ਮੋਹਰੀ ਸੂਬਾ ਬਣਾਉਣ ਲਈ ਪੰਜਾਬ ਵਾਸੀਆਂ ਨੂੰ ਮੋਢੇ ਨਾਲ ਮੋਢਾ ਜੋੜ ਕੇ ਸਹਿਯੋਗ ਕਰਨ ਦਾ ਸੱਦਾ ਦਿੱਤਾ। ਜੱਚਾ-ਬੱਚਾ ਕੇਂਦਰ ਦਾ ਉਦਘਾਟਨ ਅਤੇ 250 ਨਰਸਿੰਗ ਅਫਸਰਾਂ ਨੂੰ ਨਿਯੁਕਤੀ ਪੱਤਰ ਸੌਂਪਣ ਤੋਂ ਬਾਅਦ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ ਵਿਖੇ ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬੀਆਂ ਨੂੰ ਆਪਣੀ ਪਸੰਦ ਦੇ ਹਰ ਖੇਤਰ ਵਿੱਚ ਮੱਲਾਂ ਮਾਰਨ ਦੇ ਅਦੁੱਤੀ ਜਜ਼ਬੇ ਦੀ ਬਖਸ਼ਿਸ਼ ਹਾਸਲ ਹੈ। ਮੁੱਖ ਮੰਤਰੀ ਨੇ ਉਮੀਦ ਪ੍ਰਗਟਾਈ ਕੀਤੀ ਕਿ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਦੇ ਉਦੇਸ਼ ਨਾਲ ਅੱਜ ਜੱਚਾ-ਬੱਚਾ ਕੇਂਦਰ ਲੋਕਾਂ ਨੂੰ ਸਮਰਪਤ ਕੀਤਾ ਗਿਆ ਹੈ। ਉਨ੍ਹਾ ਕਿਹਾ ਕਿ ਇਹ ਨਵਾਂ ਬਣਿਆ ਹਸਪਤਾਲ ਗਰਭਵਤੀ ਔਰਤਾਂ ਅਤੇ ਨਵਜੰਮੇ ਬੱਚਿਆਂ ਨੂੰ ਚੰਗੀਆਂ ਸਿਹਤ ਸੇਵਾਵਾਂ ਮੁਹੱਈਆ ਕਰਨ ਲਈ ਬਹੁਤ ਸਹਾਈ ਸਿੱਧ ਹੋਵੇਗਾ। ਮਾਨ ਨੇ ਕਿਹਾ ਕਿ ਇਸ ਕਦਮ ਦਾ ਉਦੇਸ਼ ਲੋਕਾਂ ਨੂੰ

● ਬਾਕੀ ਸਫ਼ਾ 2 'ਤੇ

## ਈ ਐੱਮ ਆਈ ਵਾਲਿਆਂ ਨੂੰ ਹੋਰ ਮਾਰ ਪੈਣੋਂ ਟਲੀ

**ਮੁੰਬਈ :** ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਨੇ ਸ਼ੁੱਕਰਵਾਰ ਲਗਾਤਾਰ ਪੰਜਵੀਂ ਵਾਰ ਨੀਤੀਗਤ ਦਰ ਰੈਪੋ ਨੂੰ 6.5 ਫੀਸਦੀ 'ਤੇ ਬਰਕਰਾਰ ਰੱਖਿਆ। ਨਾਲ ਹੀ ਮੌਜੂਦਾ ਵਿੱਤੀ ਸਾਲ 2023-24 ਲਈ ਆਰਥਿਕ ਵਿਕਾਸ ਦਰ ਦਾ ਅਨੁਮਾਨ 6.5 ਫੀਸਦੀ ਤੋਂ ਵਧਾ ਕੇ 7 ਫੀਸਦੀ ਕਰ ਦਿੱਤਾ ਹੈ, ਜਦੋਂ ਕਿ ਪ੍ਰਚੂਨ ਮਹਿੰਗਾਈ ਦਰ ਦਾ ਅਨੁਮਾਨ 5.4 ਫੀਸਦੀ 'ਤੇ ਬਰਕਰਾਰ ਰੱਖਿਆ ਹੈ। ਰੈਪੋ ਦਰ ਨੂੰ 6.5 ਫੀਸਦੀ 'ਤੇ ਬਰਕਰਾਰ ਰੱਖਣ ਦਾ ਮਤਲਬ ਹੈ ਕਿ ਘਰ, ਵਾਹਨ ਸਮੇਤ ਵੱਖ-ਵੱਖ ਕਰਜ਼ਿਆਂ 'ਤੇ ਮਹੀਨਾਵਾਰ ਕਿਸ਼ਤ (ਈ ਐੱਮ ਆਈ) 'ਚ ਕੋਈ ਬਦਲਾਅ ਨਹੀਂ ਹੋਵੇਗਾ। ਬੁੱਧਵਾਰ ਨੂੰ ਸ਼ੁਰੂ ਹੋਈ ਮੁਦਰਾ ਨੀਤੀ ਕਮੇਟੀ (ਐੱਮ ਪੀ ਸੀ) ਦੀ ਤਿੰਨ ਦਿਨਾਂ ਬੈਠਕ 'ਚ ਲਏ ਗਏ ਫੈਸਲੇ ਦੀ ਜਾਣਕਾਰੀ ਦਿੰਦੇ ਹੋਏ ਆਰ ਬੀ ਆਈ ਦੇ ਗਵਰਨਰ ਸ਼ਕਤੀਕਾਂਤ ਦਾਸ ਨੇ ਕਿਹਾ-ਹਾਲਾਤ 'ਤੇ ਵਿਚਾਰ ਕਰਨ ਤੋਂ ਬਾਅਦ ਐੱਮ ਪੀ ਸੀ ਦੇ ਸਾਰੇ ਛੇ ਮੈਂਬਰਾਂ ਨੇ ਸਰਬਸੰਮਤੀ ਨਾਲ ਰੈਪੋ ਨੂੰ 6.5 ਫੀਸਦੀ 'ਤੇ ਬਰਕਰਾਰ ਰੱਖਣ ਦਾ ਫੈਸਲਾ ਕੀਤਾ ਹੈ।

### ਯੂ ਪੀ ਆਈ ਰਾਹੀਂ ਭੁਗਤਾਨ ਦੀ ਹੱਦ 5 ਲੱਖ ਤੱਕ ਵਧਾਈ

**ਮੁੰਬਈ :** ਲੋਕਾਂ ਨੂੰ ਰਾਹਤ ਦਿੰਦਿਆਂ ਆਰ ਬੀ ਆਈ ਨੇ ਪ੍ਰਸਿੱਧ ਪੇਮੈਂਟ ਪਲੇਟਫਾਰਮ ਯੂ ਪੀ ਆਈ (ਯੂਨੀਫਾਈਡ ਪੇਮੈਂਟ ਇੰਟਰਫੇਸ) ਰਾਹੀਂ ਹਸਪਤਾਲਾਂ 'ਚ ਇਲਾਜ ਅਤੇ ਵਿਦਿਅਕ ਅਦਾਰਿਆਂ 'ਚ ਦਾਖਲੇ ਲਈ ਭੁਗਤਾਨ ਦੀ ਹੱਦ 1 ਲੱਖ ਰੁਪਏ ਤੋਂ ਵਧਾ ਕੇ 5 ਲੱਖ ਰੁਪਏ ਕਰ ਦਿੱਤੀ ਹੈ। ਇਸ ਦਾ ਉਦੇਸ਼ ਸਿਹਤ ਅਤੇ ਸਿੱਖਿਆ ਦੇ ਖੇਤਰਾਂ 'ਚ ਭੁਗਤਾਨ ਲਈ ਯੂ ਪੀ ਆਈ ਦੀ ਵਰਤੋਂ ਨੂੰ ਵਧਾਉਣਾ ਹੈ। ਇਸ ਸੰਬੰਧੀ ਵੱਖਰਾ ਨੋਟੀਫਿਕੇਸ਼ਨ ਜਲਦੀ ਹੀ ਜਾਰੀ ਕੀਤਾ ਜਾਵੇਗਾ।

## ਕੈਨੇਡਾ ਜਾਣ ਵਾਲੇ ਵਿਦਿਆਰਥੀਆਂ ਨੂੰ 10 ਦੀ ਥਾਂ 20 ਹਜ਼ਾਰ ਡਾਲਰ ਜਮ੍ਹਾਂ ਕਰਾਉਣੇ ਪੈਣਗੇ

**ਟੋਰਂਟੋ :** ਜਸਟਿਨ ਟਰੂਡੋ ਦੀ ਸਰਕਾਰ ਦੇ ਫੈਸਲੇ ਨਾਲ ਕੈਨੇਡਾ ਆਉਣ ਵਾਲੇ ਵਿਦਿਆਰਥੀਆਂ ਨੂੰ ਉੱਥੇ ਰਹਿਣ ਅਤੇ ਪੜ੍ਹਨ ਲਈ ਵੱਧ ਪੈਸੇ ਖਰਚਣਗੇ ਪੈਣਗੇ। ਉਨ੍ਹਾਂ ਨੂੰ ਆਪਣਾ ਮਜ਼ਬੂਤ ਵਿੱਤੀ ਪਿਛੋਕੜ ਦਿਖਾਉਣਾ ਹੋਵੇਗਾ। ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਦੱਸਿਆ ਕਿ ਇਹ ਨਵਾਂ ਫੈਸਲਾ 1 ਜਨਵਰੀ 2024 ਤੋਂ ਲਾਗੂ ਹੋਵੇਗਾ। ਟਰੂਡੋ ਦੀ ਸਰਕਾਰ ਨੇ ਸਟੱਡੀ ਵੀਜ਼ਾ ਗਾਰੰਟੀ ਇਨਵੈਸਟਮੈਂਟ ਸਰਟੀਫਿਕੇਟ ਰਾਸ਼ੀ ਦੁੱਗਣੀ ਕਰ ਦਿੱਤੀ ਹੈ। ਹੁਣ ਵਿਦਿਆਰਥੀਆਂ ਨੂੰ 10 ਹਜ਼ਾਰ ਡਾਲਰ ਦੀ ਥਾਂ 20 ਹਜ਼ਾਰ 635 ਕੈਨੇਡੀਅਨ ਡਾਲਰ ਜਮ੍ਹਾਂ ਕਰਵਾਉਣਗੇ ਪੈਣਗੇ। ਟਿਊਸ਼ਨ ਫੀਸ ਤੋਂ ਇਲਾਵਾ ਕੇਨੇਡਾ 'ਚ ਰਹਿਣ ਲਈ ਰਾਸ਼ੀ ਜਮ੍ਹਾਂ ਕਰਵਾਈ ਜਾਂਦੀ ਹੈ। ਫੈਸਲੇ ਤੋਂ ਬਾਅਦ ਵਿਦਿਆਰਥੀਆਂ ਦਾ ਲਗਭਗ ਸਾਢੇ 6 ਲੱਖ ਰੁਪਏ ਦਾ ਖਰਚਾ ਵਧੇਗਾ। ਮੰਤਰੀ ਨੇ ਕਿਹਾ ਕਿ ਇਸ ਫੈਸਲੇ ਨੂੰ ਕੈਨੇਡਾ 'ਚ ਕੌਮਾਂਤਰੀ ਵਿਦਿਆਰਥੀਆਂ ਦੀ ਸਫਲਤਾ ਅਤੇ ਤੰਦਰੁਸਤੀ ਨੂੰ ਯਕੀਨੀ ਬਣਾਉਣ ਲਈ ਇੱਕ ਪ੍ਰੋਜੈਕਟ ਵਜੋਂ ਦੇਖਿਆ ਜਾਣਾ ਚਾਹੀਦਾ ਹੈ। 2000 ਦੇ ਦਹਾਕੇ ਦੇ ਸ਼ੁਰੂ ਤੋਂ ਬਿਨੈਕਾਰ ਲਈ ਰਹਿਣ ਦੀ ਲਾਗਤ 10 ਹਜ਼ਾਰ ਡਾਲਰ 'ਤੇ ਸਥਿਰ ਰਹੀ ਹੈ। ਰਹਿਣ-ਸਹਿਣ ਦੀ ਵਧਦੀ ਲਾਗਤ ਕਾਰਨ ਇਸਨੂੰ 20 ਹਜ਼ਾਰ ਡਾਲਰ ਕੀਤਾ ਜਾ ਰਿਹਾ ਹੈ।

## ਪਾਰਟੀਆਂ ਤੇ ਉਮੀਦਵਾਰਾਂ ਦੇ ਚੋਣ ਖਰਚੇ ਤੈਅ ਕਰਨ ਬਾਰੇ ਪਟੀਸ਼ਨ ਰੱਦ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਸ਼ੁੱਕਰਵਾਰ ਸਿਆਸੀ ਪਾਰਟੀਆਂ ਅਤੇ ਉਮੀਦਵਾਰਾਂ ਦੇ ਚੋਣ ਖਰਚੇ ਨੂੰ ਤੈਅ ਕਰਨ ਦੇ ਨਿਰਦੇਸ਼ ਦੇਣ ਦੀ ਮੰਗ ਵਾਲੀ ਪਟੀਸ਼ਨ ਖਾਰਜ ਕਰ ਦਿੱਤੀ। ਅਦਾਲਤ ਨੇ ਕਿਹਾ ਕਿ ਇਹ ਵਿਧਾਨਕ ਨੀਤੀ ਨਾਲ ਜੁੜਿਆ ਮਾਮਲਾ ਹੈ। ਚੀਫ ਜਸਟਿਸ ਡੀ ਵਾਈ ਚੰਦਰਚੂੜ ਦੀ ਅਗਵਾਈ ਵਾਲੀ ਬੈਂਚ ਨੇ ਕਿਹਾ-ਇਹ ਜਾਂ ਤਾਂ ਵਿਧਾਨਕ ਬਦਲਾਅ ਹਨ ਜਾਂ ਨੀਤੀਗਤ ਮਾਮਲੇ। ਅਸੀਂ ਸੁਣਵਾਈ ਲਈ ਅਜਿਹੀ ਪਟੀਸ਼ਨ ਨੂੰ ਕਿਵੇਂ ਸਵੀਕਾਰ ਕਰ ਸਕਦੇ ਹਾਂ। ਬੈਂਚ ਹਰਿਆਣਾ ਦੇ ਵਿਅਕਤੀ ਵੱਲੋਂ ਦਾਇਰ ਪਟੀਸ਼ਨ 'ਤੇ ਵਿਚਾਰ ਕਰ ਰਹੀ ਸੀ, ਜਿਸ ਵਿਚ ਸਿਆਸੀ ਪਾਰਟੀਆਂ ਅਤੇ ਉਮੀਦਵਾਰਾਂ ਦੇ ਖਰਚੇ ਦਾ ਹਿਸਾਬ ਲਗਾਉਣ ਅਤੇ ਉਨ੍ਹਾਂ ਨੂੰ ਨਿਰਧਾਰਤ ਕਰਨ ਸਣੇ ਕਈ ਹਦਾਇਤਾਂ ਦੇਣ ਦੀ ਮੰਗ ਕੀਤੀ ਗਈ ਸੀ।

## ਅਮਰੀਕਾ 'ਚ ਮਹਿਲਾ 'ਤੇ ਤਸ਼ੱਦਦ ਕਰਨ ਵਾਲੇ ਭਾਰਤੀ ਨੂੰ 57 ਮਹੀਨੇ ਕੈਦ ਦੀ ਸਜ਼ਾ

**ਵਾਸ਼ਿੰਗਟਨ :** ਅਮਰੀਕਾ ਦੇ ਜਾਰਜੀਆ ਵਿਚ ਮੋਟਲ ਦੇ ਭਾਰਤੀ ਮੈਨੇਜਰ ਨੂੰ ਔਰਤ ਦੀ ਤਸਕਰੀ ਅਤੇ ਉਸ ਨੂੰ ਬੰਧੂਆ ਮਜ਼ਦੂਰੀ ਲਈ ਮਜਬੂਰ ਕਰਨ ਦੇ ਦੋਸ਼ ਵਿਚ 57 ਮਹੀਨਿਆਂ ਦੀ ਕੈਦ ਤੇ 40 ਹਜ਼ਾਰ ਡਾਲਰ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਹੈ। 71 ਸਾਲਾ ਸ੍ਰੀਸ਼ ਤਿਵਾੜੀ ਭਾਰਤੀ ਨਾਗਰਿਕ ਅਤੇ ਅਮਰੀਕਾ ਦਾ ਕਾਨੂੰਨੀ ਸਥਾਈ ਨਿਵਾਸੀ ਹੈ। ਉਸ ਨੇ 2020 'ਚ ਕਾਰਟਰਸਵਿਲੇ 'ਚ ਬਜਟੈੱਲ ਮੋਟਲ ਦਾ ਪ੍ਰਬੰਧਨ ਸ਼ੁਰੂ ਕੀਤਾ ਸੀ। ਨਿਆਂ ਵਿਭਾਗ ਨੇ ਕਿਹਾ ਕਿ ਤਿਵਾੜੀ ਨੇ ਔਰਤ ਨੂੰ ਮੋਟਲ ਵਿਚ ਕੰਮ 'ਤੇ ਰੱਖਿਆ ਤੇ ਉਸ ਨੂੰ ਰਹਿਣ ਲਈ ਇਕ ਕਮਰਾ ਦਿੱਤਾ। ਤਿਵਾੜੀ ਨੂੰ ਪਤਾ ਸੀ ਕਿ ਪੀੜਤ ਮਹਿਲਾ ਬੇਘਰ ਤੇ ਨਸ਼ੇੜੀ ਸੀ। ਉਸ ਦੇ ਬੱਚਿਆਂ ਨੂੰ ਉਸ ਤੋਂ ਵੱਖ ਕਰ ਦਿੱਤਾ ਗਿਆ ਸੀ। ਤਿਵਾੜੀ ਨੇ ਪੀੜਤਾ ਨਾਲ ਵਾਅਦਾ ਕੀਤਾ ਸੀ ਕਿ ਉਹ ਉਸ ਨੂੰ ਤਨਖਾਹ ਅਤੇ ਅਪਾਰਟਮੈਂਟ ਮੁਹੱਈਆ ਕਰਵਾਏਗਾ ਅਤੇ ਉਸ ਨੂੰ ਵਕੀਲ ਮੁਹੱਈਆ ਕਰਵਾ ਕੇ ਉਸ ਦੇ ਬੱਚੇ ਮੁੜ ਹਾਸਲ ਕਰਨ ਵਿਚ ਮਦਦ ਕਰੇਗਾ। ਸੰਘੀ ਵਕੀਲਾਂ ਨੇ ਦੋਸ਼ ਲਾਇਆ ਕਿ ਆਪਣੇ ਵਾਅਦਿਆਂ ਦੀ ਪਾਲਣਾ ਕਰਨ ਦੀ ਬਜਾਏ ਤਿਵਾੜੀ ਨੇ ਮੋਟਲ ਮਹਿਮਾਨਾਂ ਅਤੇ ਕਰਮਚਾਰੀਆਂ ਨਾਲ ਪੀੜਤਾ ਦੀ ਗੱਲਬਾਤ ਦੀ ਨਿਗਰਾਨੀ ਕਰਨੀ ਸ਼ੁਰੂ ਕਰ ਦਿੱਤੀ ਅਤੇ ਉਸ ਨੂੰ ਉਨ੍ਹਾਂ ਨਾਲ ਗੱਲ ਕਰਨ ਤੋਂ ਰੋਕਿਆ। ਵਕੀਲਾਂ ਨੇ ਕਿਹਾ ਕਿ ਤਿਵਾੜੀ ਨੇ ਪੀੜਤਾ ਦਾ ਜਿਨਸੀ ਸ਼ੋਸ਼ਣ ਕੀਤਾ ਅਤੇ ਅਕਸਰ ਉਸ ਨੂੰ ਮੋਟਲ ਦੇ ਕਮਰੇ ਵਿੱਚੋਂ ਬਾਹਰ ਕੱਢਣ ਦੀ ਧਮਕੀ ਦਿੰਦਾ ਸੀ।

## ਜੂਨੀਅਰ ਮਹਿਮੂਦ ਦਾ ਦੇਹਾਂਤ



**ਮੁੰਬਈ :** 'ਕਾਰਵਾਂ', 'ਹਾਥੀ ਮੇਰੇ ਸਾਥੀ' ਅਤੇ 'ਮੇਰਾ ਨਾਮ ਜੋਕਰ' ਵਰਗੀਆਂ ਫਿਲਮਾਂ 'ਚ ਆਪਣੀਆਂ ਭੂਮਿਕਾਵਾਂ ਲਈ ਜਾਣੇ ਜਾਂਦੇ ਚਰਿੱਤਰ ਅਭਿਨੇਤਾ ਜੂਨੀਅਰ ਮਹਿਮੂਦ (68) ਦਾ ਸ਼ੁੱਕਰਵਾਰ ਕੈਂਸਰ ਕਾਰਨ ਦੇਹਾਂਤ ਹੋ ਗਿਆ। ਜੂਨੀਅਰ ਮਹਿਮੂਦ ਦੇ ਛੋਟੇ ਬੇਟੇ ਹਸਨੈਨ ਸਈਦ ਨੇ ਦੱਸਿਆ—ਮੇਰੇ ਪਿਤਾ ਪੇਟ ਦੇ ਕੈਂਸਰ ਨਾਲ ਜੂਝ ਰਹੇ ਸਨ। ਉਨ੍ਹਾ ਦੀ ਹਾਲਤ 17 ਦਿਨਾਂ ਤੋਂ ਨਾਜ਼ੁਕ ਸੀ। ਮਹੀਨੇ ਵਿਚ 35 ਤੋਂ 40 ਕਿਲੋ ਭਾਰ ਘਟ ਗਿਆ ਸੀ।

ਜੂਨੀਅਰ ਮਹਿਮੂਦ ਦਾ ਅਸਲੀ ਨਾਂ ਨਈਮ ਸਈਦ ਸੀ। ਉਸਨੇ ਫਿਲਮੀ ਕਰੀਅਰ ਦੀ ਸ਼ੁਰੂਆਤ ਬਾਲ ਕਲਾਕਾਰ ਵਜੋਂ ਮੁਹੱਬਤ ਜ਼ਿੰਦਗੀ ਹੈ (1966) ਅਤੇ ਨੌਨੀਹਾਲ (1967) ਨਾਲ ਕੀਤੀ। ਮਰਹੂਮ ਕਾਮੇਡੀਅਨ ਮਹਿਮੂਦ ਨੇ ਉਸ ਨਾਲ 1968 'ਚ ਰਿਲੀਜ਼ ਹੋਈ ਫਿਲਮ 'ਸੁਹਾਗਰਾਤ' 'ਚ ਕੰਮ ਕੀਤਾ ਸੀ ਅਤੇ ਇਸ ਦੌਰਾਨ ਉਸਨੇ ਸਈਦ ਨੂੰ ਜੂਨੀਅਰ ਮਹਿਮੂਦ ਦਾ ਨਾਂ ਦਿੱਤਾ ਸੀ। ਉਸਨੇ 260 ਤੋਂ ਵੱਧ ਫਿਲਮਾਂ 'ਚ ਕੰਮ ਕੀਤਾ। ਪਰਿਵਾਰ 'ਚ ਪਤਨੀ ਤੇ ਦੋ ਪੁੱਤਰ ਹਨ।

## ਅੱਜ-ਨਾਮਾ

ਪੰਜਾਂ ਰਾਜਾਂ ਵਿੱਚ ਚੋਣ ਜਦ ਸਿਰੇ ਪਹੁੰਚੀ,
ਅਗਲੀ ਚੋਣ ਵੱਲ ਲੱਗੀ ਫਿਰ ਅੱਖ ਬੇਲੀ।
ਆਪਣੀ ਪਾਰਟੀ ਦਾ ਹਰ ਕੋਈ ਜ਼ੋਰ ਜੋਖੇ,
ਸਾਥੀ-ਸੰਗੀ ਫਿਰ ਵੇਖ ਰਿਹਾ ਵੱਖ ਬੇਲੀ।
ਮਹੀਨੇ ਤਿੰਨ ਤਿਆਰੀ ਲਈ ਮਸਾਂ ਰਹਿੰਦੇ,
ਮਿੱਧਣੇ ਪੈਣੇ ਫਿਰ ਰਾਹਾਂ ਵਿੱਚ ਕੱਖ ਬੇਲੀ।
ਪਹਿਲੀ ਨਾਲੋਂ ਲੜਾਈ ਇਹ ਸਖਤ ਹੋਣੀ,
ਫੋਕੀ ਜਾਵੇ ਨਹੀਂ ਮਾਰੀ ਹੋਈ ਝੱਖ ਬੇਲੀ।
ਕਿਸੇ ਦੀ ਮੋਦੀ ਦੇ ਅਕਸ ਦੀ ਝਾਕ ਭਾਰੀ,
ਕਿਸੇ ਨੂੰ ਮੋਦੀ-ਵਿਰੋਧ ਵਿੱਚ ਆਸ ਬੇਲੀ।
ਯੋਜਨਾਬੰਦੀ ਜਿਹੀ ਸਾਰੇ ਹਨ ਕਰਨ ਰੁੱਝੇ,
ਅਗਾਊਂ ਲੱਗੇ ਨੇ ਕਰਨ ਅਭਿਆਸ ਬੇਲੀ।

-ਤੀਸ ਮਾਰ ਖਾਂ

## ਕਾਸੂਪੁਰ ਦਾ ਖੇਡ ਮੇਲਾ ਜਿੱਥੇ ਕਬੱਡੀ ਤੇ ਵਾਲੀਬਾਲ ਦਾ ਜਸ਼ਨ ਵਾਂਗ ਪ੍ਰਦਰਸ਼ਨ ਹੁੰਦੈ

**ਸ਼ਾਹਕੋਟ (ਗਿਆਨ ਸੈਦਪੁਰੀ)**

ਪਿੰਡ ਕਾਸੂਪੁਰ ਦੇ ਵੱਡੇ ਖੇਡ ਮੈਦਾਨ ਵਿੱਚ ਇੱਕ ਪਾਸੇ ਗਤਕੇ ਦੇ ਕਰਤੱਬਾਂ ਰਾਹੀਂ ਸਿੰਘਾਂ ਦੇ ਬਹਾਦਰੀ ਭਰੇ ਇਤਿਹਾਸ ਨੂੰ ਰੂਪਮਾਨ ਕੀਤਾ ਜਾ ਰਿਹੈ ਤੇ ਦੂਸਰੇ ਪਾਸੇ ਵਾਲੀਬਾਲ ਦੀ ਖੇਡ ਦਾ ਕਲਾਤਮਕ ਪ੍ਰਦਰਸ਼ਨ ਹੋ ਰਿਹਾ ਹੈ। ਕੁਲਫੀਆਂ ਚੂਪਦੇ ਤੇ ਜਲੇਬੀਆਂ ਖਾਂਦੇ ਮੇਲੀਆਂ ਦੇ ਕੰਨੀਂ ਡੌਲੀ ਸਿੰਘ ਦੀ ਮਖਮਲੀ ਆਵਾਜ਼ ਵਿੱਚ 'ਕਣਕਾਂ ਨੂੰ ਲੱਗ ਗਈਆਂ ਬੱਲੀਆਂ ਵੇ ਬੇਲੀਆ ਪਾ ਭੰਗੜੇ..' ਦੇ ਬੋਲ ਰਸ ਘੋਲਦੇ ਹਨ ਤਾਂ ਵਿਸਾਖੀ ਦੇ ਮੇਲੇ ਦਾ ਸਿਖਰ 'ਤੇ ਪਹੁੰਚਣ ਦਾ ਅਹਿਸਾਸ ਮਨਾਂ ਅੰਦਰ ਤਰੰਗਾਂ ਪੈਦਾ ਕਰ ਰਿਹਾ ਹੁੰਦਾ ਹੈ। ਉਕਤ ਸਤਰਾਂ ਪਿੰਡ ਕਾਸੂਪੁਰ ਵਿੱਚ 2017 ਨੂੰ ਵਿਸਾਖੀ ਮੇਲੇ ਦੀ ਹੋਈ ਸ਼ੂਟਿੰਗ ਉਪਰੰਤ ਲਿਖੇ ਗਏ ਲੇਖ ਦੀ ਭੂਮਿਕਾ ਵਿੱਚ ਹਨ। ਇਹ ਸਤਰਾਂ 9 ਅਤੇ 10 ਦਸੰਬਰ ਨੂੰ ਹੋ ਰਹੇ ਸ. ਚਾਨਣ ਸਿੰਘ ਚੰਦੀ ਸ. ਪ੍ਰਦੁੱਮਣ ਸਿੰਘ ਚੰਦੀ ਯਾਦਗਾਰੀ ਖੇਡ ਮੇਲੇ ਦੇ ਸੰਦਰਭ ਵਿੱਚ ਲਿਖੀਆਂ ਗਈਆਂ ਹਨ। ਇਨ੍ਹਾਂ ਸਤਰਾਂ ਦੇ ਲਿਖਣ ਦਾ ਮੰਤਵ ਇਹ ਦਰਸਾਉਂਦਾ ਹੈ ਕਿ ਇੱਥੋਂ ਦਾ ਖੇਡ ਮੇਲਾ ਕਬੱਡੀ ਅਤੇ ਵਾਲੀਬਾਲ ਦੀ ਖੇਡ ਨੂੰ ਉਤਸ਼ਾਹਤ ਕਰਕੇ ਖਿਡਾਰੀਆਂ ਨੂੰ ਅੰਬਰੀਂ ਉਡਣ



ਦਾ ਮੌਕਾ ਮੁਹੱਈਆ ਤਾਂ ਕਰਦਾ ਹੀ ਹੈ ਸਗੋਂ ਇਹ ਸੱਭਿਆਚਾਰਕ, ਸਾਹਿਤਕ, ਸੰਗੀਤਕ ਤੇ ਸਮਾਜਕ ਸਰੋਕਾਰਾਂ ਦੇ ਫਿਕਰਾਂ ਦੀ ਬਾਂਹ ਵੀ ਫੜਦਾ ਹੈ। ਸ. ਹਰਬੰਸ ਸਿੰਘ ਚੰਦੀ ਹੁਰਾਂ 1993 ਵਿੱਚ ਆਪਣੇ ਪਿਤਾ ਸ. ਚਾਨਣ ਸਿੰਘ ਚੰਦੀ ਦੀ ਮਿੱਠੀ ਯਾਦ ਨੂੰ ਸਦੀਵੀ ਬਣਾਉਣ ਦੇ ਸਾਰਥਿਕ ਯਤਨ ਵਜੋਂ ਖੇਡ ਮੇਲਾ ਸ਼ੁਰੂ ਕੀਤਾ ਸੀ। ਤਿੰਨ ਦਹਾਕਿਆਂ ਦੇ ਸ਼ਾਨਦਾਰ ਸਫਰ ਤੋਂ ਬਾਅਦ ਅੱਜ ਇਹ ਉਸ ਮੁਕਾਮ 'ਤੇ ਪਹੁੰਚਿਆ ਹੈ, ਜਿੱਥੇ ਪਹੁੰਚਣ ਦਾ ਫਖਰ ਵਿਰਲੇ ਟਾਵੇਂ ਸਮਾਗਮਾਂ ਨੂੰ ਹੀ ਮਿਲਦਾ ਹੈ। ਉਪਰ ਜ਼ਿਕਰ ਸ਼ੂਟ ਹੋਇਆ ਵਿਸਾਖੀ ਮੇਲਾ ਦੂਰਦਰਸ਼ਨ ਜਲੰਧਰ ਤੋਂ ਟੈਲੀਕਾਸਟ ਹੋਇਆ ਸੀ ਤੇ ਇਸ ਨੇ ਭਰਪੂਰ ਪ੍ਰਸੰਸਾ ਖੱਟੀ ਸੀ। ਇੱਥੇ ਲੱਗਦੇ ਖੇਡ ਮੇਲਿਆਂ ਵਿੱਚੋਂ ਇੱਕ ਹੋਰ ਮੇਲੇ ਦੇ ਲੇਖ ਦੀ ਭੂਮਿਕਾ ਦਾ ਜ਼ਿਕਰ ਕੁਥਾਂ ਨਹੀ ਹੋਵੇਗਾ। 'ਜ਼ਿਲ੍ਹਾ ਜਲੰਧਰ ਦੀ ਸਬ-ਡਵੀਜ਼ਨ ਸ਼ਾਹਕੋਟ, ਸਬ-ਡਵੀਜ਼ਨ ਦਾ ਪਿੰਡ ਕਾਸੂਪੁਰ। ਇੱਥੇ ਉਸਾਰੇ ਗਏ ਸ. ਚਾਨਣ ਸਿੰਘ ਚੰਦੀ ਯਾਦਗਾਰੀ ਖੇਡ ਸਟੇਡੀਅਮ ਵਿੱਚ ਹਰ ਸਾਲ ਕਰਵਾਈਆਂ ਜਾਂਦੀਆਂ ਖੇਡਾਂ ਦੀ ਇਬਾਰਤ ਹੁਣ ਭਾਰਤ ਪੱਧਰ ਦੀ ਕੈਨਵਸ 'ਤੇ ਲਿਖੀ ਜਾਣ ਲੱਗ ਪਈ ਹੈ। ਗੱਲ ਭਾਵੇਂ ਪੰਜਾਬ ਦੀਆਂ ਰਵਾਇਤੀ ਖੇਡਾਂ ਦੀ ਹੋਵੇ, ਪੰਜਾਬੀਆਂ ਦੀ ਹਰਮਨ-ਪਿਆਰੀ ਖੇਡ ਕਬੱਡੀ ਦੀ ਤੇ ਭਾਵੇਂ ਪੰਜਾਬੀਆਂ ਦੀ ਇੱਕ ਹੋਰ ਮਨਪਸੰਦ ਖੇਡ ਵਾਲੀਬਾਲ ਦੀ ਹੋਵੇ, ਇਨ੍ਹਾਂ ਦਾ ਇੱਥੇ ਇੱਕ ਜਸ਼ਨ ਵਾਂਗ ਪ੍ਰਦਰਸ਼ਨ ਹੁੰਦਾ ਹੈ।

ਤੀਹਾਂ ਸਾਲਾਂ ਦੇ ਅਰਸੇ ਦੌਰਾਨ ਕੁਝ ਬੇਹੱਦ ਅਣਸੁਖਾਵੀਆਂ ਘਟਨਾਵਾਂ ਕਾਰਨ ਦੋ ਵਾਰ ਇੱਥੇ ਖੇਡ ਮੇਲਾ ਨਹੀਂ ਲੱਗ ਸਕਿਆ। 29 ਸਾਲਾਂ ਦੀ ਲਗਾਤਾਰਤਾ ਆਪਣੇ ਆਪ ਵਿੱਚ ਇੱਕ ਇਤਿਹਾਸਕ ਮੀਲ ਪੱਥਰ ਹੈ। ਇਨ੍ਹਾਂ ਸਾਲਾਂ ਦੌਰਾਨ ਖੇਡ ਮੇਲੇ ਦਾ ਹਿੱਸਾ ਬਣਦੀਆਂ ਰਹੀਆਂ ਮਹੱਤਵਪੂਰਨ ਸ਼ਖਸੀਅਤਾਂ ਦੀ ਲਿਸਟ ਬੜੀ ਲੰਬੀ ਹੈ। ਇੱਥੇ ਸਿਰਫ ਕੁਝ ਕੁ ਸ਼ਖਸੀਅਤਾਂ ਦਾ ਹੀ ਜ਼ਿਕਰ ਹੋ ਸਕੇਗਾ। ਵੇਲੇ ਦੇ ਗਵਰਨਰ ਲੈਫਟੀਨੈਂਟ ਜਨਰਲ (ਰਿਟਾ.) ਬੀ. ਕੇ. ਐੱਨ. ਛਿੱਬਰ ਖੇਡ ਮੇਲੇ ਦੇ ਮੁੱਖ ਮਹਿਮਾਨ ਬਣ ਕੇ ਆਏ ਤਾਂ ਉਹ ਸਟੇਡੀਅਮ ਦਾ ਮਾਹੌਲ ਦੇਖ ਕੇ ਇੰਨੇ ਪ੍ਰਭਾਵਿਤ ਹੋਏ ਕਿ ਨਿਰਧਾਰਤ ਸਮੇਂ ਤੋਂ ਵੱਧ ਸਮਾਂ ਗੁਜ਼ਾਰ ਕੇ ਗਏ। ਪੁੱਡੀਚਰੀ ਦੇ ਸਾਬਕਾ ਲੈਫਟੀਨੈਂਟ ਗਵਰਨਰ ਡਾ. ਇਕਬਾਲ ਸਿੰਘ ਤਾਂ ਇਸ ਖੇਡ ਮੇਲੇ ਦੀ ਰੂਹ ਰਹੇ ਹਨ। ਪੱਤਰਕਾਰਤਾ ਦੀ ਦੁਨੀਆ ਅਤੇ ਸਿਆਸੀ ਵਿਸ਼ਲੇਸ਼ਕਾਂ ਵਿੱਚ ਵੱਖਰਾ ਨਿਆਰਾ ਸਥਾਨ ਰੱਖਣ ਵਾਲੇ ਕਾਮਰੇਡ ਜਗਜੀਤ ਸਿੰਘ ਆਨੰਦ ਕਾਸੂਪੁਰ ਦੇ ਖੇਡ ਮੇਲੇ ਦੇ ਹਰ ਪਹਿਲੂ ਨੂੰ ਨੇੜਿਓਂ ਤੱਕਦੇ ਰਹੇ ਹਨ। ਵੇਲੇ ਦੇ ਪ੍ਰਧਾਨ ਮੰਤਰੀ ਮਰਹੂਮ ਰਾਜੀਵ ਗਾਂਧੀ ਦੇ ਨਿੱਜੀ ਸਹਾਇਕ ਸ਼੍ਰੀਮਤੀ ਰਸ਼ਮੀ ਚੌਧਰੀ ਵੀ ਇੱਕ ਮੇਲੇ ਵਿੱਚ ਆਪਣੀ ਭਰਵੀਂ ਹਾਜ਼ਰੀ ਲਗਵਾ ਕੇ ਗਏ ਸਨ। ਪੰਜਾਬੀ ਗਾਇਕੀ ਦਾ ਮੂੰਹ ਮੁਹਾਂਦਰਾ ਰਹੀ ਗਾਇਕਾ ਸ਼੍ਰੀਮਤੀ ਸੁੱਖੀ ਬਰਾੜ ਸੰਗੀਤਕ ਸੁਰਾਂ ਰਾਹੀਂ ਮੇਲੇ ਨਾਲ ਇੱਕ ਸੁਰ ਹੁੰਦੀ ਰਹੀ ਹੈ। ਕਸ਼ਮੀਰੀ ਤਹਿਜ਼ੀਬ ਦੀ ਜਿਉਂਦੀ ਜਾਗਦੀ ਤਸਵੀਰ ਜਨਾਬ ਅਸ਼ੋਕ ਜੇਲਖਾਨੀ ਅਤੇ ਸੱਯਾਦ ਸ਼ਹਿਰਯਾਰ ਕਾਸੂਪੁਰ ਦੇ ਮੇਲੇ ਨਾਲ ਜੁੜ ਕੇ ਆਪਣੇ ਆਪ ਨੂੰ ਧੰਨ ਸਮਝਿਆ ਕਰਦੇ ਸਨ। ਧਾਰਮਿਕ ਸ਼ਖਸੀਅਤਾਂ ਵਿੱਚ ਪਦਮਸ਼੍ਰੀ ਸੰਤ ਬਲਬੀਰ ਸਿੰਘ ਸੀਚੇਵਾਲ ਹੁਰਾਂ ਦਾ ਸ਼ੁਰੂ ਤੋਂ ਹੀ ਇਸ ਖੇਡ ਮੇਲੇ ਨੂੰ ਆਸ਼ੀਰਵਾਦ ਪ੍ਰਾਪਤ ਰਿਹਾ ਹੈ।

ਹਾਕੀ ਦੇ ਅੰਬਰ ਦਾ ਸਿਤਾਰਾ ਪਦਮਸ਼੍ਰੀ ਪਰਗਟ ਸਿੰਘ ਕਈ ਵਾਰ ਮੇਲੇ ਵਿੱਚ ਹਾਜ਼ਰੀ ਭਰ ਕੇ ਇਸ ਦੇ ਮਹੱਤਵ ਨੂੰ ਵਧਾਉਂਦੇ ਰਹੇ ਹਨ। ਬਹੁਪੱਖੀ ਸ਼ਖਸੀਅਤ ਅਤੇ ਸਾਬਕਾ ਡਿਪਟੀ ਡਾਇਰੈਕਟਰ ਦੂਰਦਰਸ਼ਨ ਸ਼ਿਮਲਾ ਮਨੋਹਰ ਸਿੰਘ ਭਾਰਜ ਖੇਡ ਮੇਲੇ ਦੇ ਪ੍ਰਵਾਰਕ ਮੈਂਬਰ ਵਜੋਂ ਵਿਚਰਦੇ ਰਹੇ ਹਨ। ਸਰਦਾਰ ਅੰਜੁਮ ਕਾਸੂਪੁਰ ਦੇ ਖੇਡ ਸਟੇਡੀਅਮ ਵਿੱਚ ਸ਼ਾਇਰੀ ਦੇ ਰੰਗ ਬਿਖੇਰਦੇ ਰਹੇ ਹਨ। 'ਹਸੰਦਿਆ ਖੇਲੰਦਿਆ ਪੈਨੰਦਿਆ ਖਵੰਦਿਆ ਵਿਚੇ ਹੋਵੈ ਮੁਕਤਿ॥ ਗੁਰਬਾਣੀ ਦੇ ਫਰਮਾਨ ਦਾ ਇਹ ਮੇਲਾ ਅਨੁਸਾਰੀ ਰਹੇਗਾ। ਅੱਜ ਇਸ ਮੇਲੇ ਦੀਆਂ ਉਦਘਾਟਨੀ ਰਸਮਾਂ ਵੇਖਣਯੋਗ ਹੋਣਗੀਆਂ।

9-Dec-PAGE-4.qxd 12/8/2023 10:09 PM Page 1

ਨਵਾਂ ਜ਼ਮਾਨਾ
ਸ਼ਨੀਵਾਰ, 9 ਦਸੰਬਰ 2023

# ਕਾਰਪੋਰੇਟਾਂ ਨੂੰ ਲੁੱਟਣ ਦੀ ਛੁੱਟੀ

*ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸੱਤਾ ਸੰਭਾਲਣ ਤੋਂ ਬਾਅਦ ਕਾਰਪੋਰੇਟ ਘਰਾਣਿਆਂ ਨੂੰ ਸਰਕਾਰ ਨੇ ਬੈਂਕਾਂ ਲੁੱਟਣ ਦੀ ਖੁੱਲ੍ਹੀ ਛੁੱਟੀ ਦੇਈ ਰੱਖੀ ਸੀ। ਇਹ ਲੁੱਟ ਪ੍ਰਧਾਨ ਮੰਤਰੀ ਦੇ ਮੌਜੂਦਾ ਕਾਰਜਕਾਲ ਦੌਰਾਨ ਵੀ ਜਾਰੀ ਹੈ।*

*ਸਾਂਸਦ ਵਿੱਚ ਅਦਬੁਲ ਖਨਿਕ ਤੇ ਮਹੇਸ਼ ਸ਼ਾਹੂ ਵੱਲੋਂ ਪੁੱਛੇ ਗਏ ਇੱਕ ਪ੍ਰਸ਼ਨ ਦੇ ਜਵਾਬ ਵਿੱਚ ਵਿੱਤ ਰਾਜ ਮੰਤਰੀ ਭਾਗਵਤ ਕਰਾੜ ਨੇ ਦੱਸਿਆ ਕਿ ਪਿਛਲੇ 5 ਸਾਲਾਂ ਦੌਰਾਨ ਬੈਂਕਾਂ ਵੱਲੋਂ ਕਾਰਪੋਰੇਟਾਂ ਦੇ 10.60 ਲੱਖ ਕਰੋੜ ਕਰਜ਼ੇ ਨੂੰ ਬੱਟੇ-ਖਾਤੇ ਪਾ ਦਿੱਤਾ ਗਿਆ ਹੈ। ਇਨ੍ਹਾਂ ਵਿੱਚੋਂ 52.3 ਫੀਸਦੀ ਵੱਡੇ ਕਾਰਪੋਰੇਟ ਘਰਾਣਿਆਂ ਵੱਲੋਂ ਲਿਆ ਕਰਜ਼ਾ ਹੈ। ਇਸ ਤਰ੍ਹਾਂ ਜੇਕਰ ਮੋਦੀ ਦੇ ਦੋਵੇਂ ਕਾਰਜਕਾਲਾਂ ਦੌਰਾਨ ਬੱਟੇ-ਖਾਤੇ ਪਾਏ ਗਏ ਕਰਜ਼ੇ ਨੂੰ ਜੋੜ ਲਿਆ ਜਾਵੇ ਤਾਂ ਇਹ 25 ਲੱਖ ਕਰੋੜ ਰੁਪਏ ਬਣਦਾ ਹੈ। ਇਹ ਰਕਮ ਔਸਤਨ 2.50 ਲੱਖ ਕਰੋੜ ਰੁਪਏ ਸਾਲਾਨਾ ਬਣਦੀ ਹੈ।*

*ਇਹ ਬੱਟੇ-ਖਾਤੇ ਜਿਸ ਨੂੰ ਬੈਂਕਾਂ ਦੀ ਭਾਸ਼ਾ ਵਿੱਚ ਰਾਈਟ ਆਫ ਕਿਹਾ ਜਾਂਦਾ ਹੈ, ਅਜਿਹਾ ਕਰਜ਼ਾ ਹੁੰਦਾ ਹੈ, ਜਿਸ ਬਾਰੇ ਸਮਝਿਆ ਜਾਂਦਾ ਹੈ ਕਿ ਕਰਜ਼ਦਾਰ ਇਹ ਕਰਜ਼ਾ ਮੋੜੇਗਾ ਨਹੀਂ। ਅਜਿਹੇ ਕਰਜ਼ੇ ਨੂੰ ਬੈਂਕ ਆਪਣੀ ਬੈਲੈਂਸ ਸ਼ੀਟ ਵਿੱਚੋਂ ਹਟਾ ਕੇ ਭੁਲਾ ਦਿੰਦੇ ਹਨ। ਸੌਖੇ ਸ਼ਬਦਾਂ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਬੈਂਕ ਮੰਨ ਲੈਂਦੇ ਹਨ ਕਿ ਉਨ੍ਹਾਂ ਦੀ ਇਹ ਰਕਮ ਡੁੱਬ ਗਈ ਹੈ।*

*ਉਂਜ ਬੈਂਕ ਤੇ ਸਰਕਾਰ ਹਮੇਸ਼ਾ ਇਹੋ ਕਹਿੰਦੀ ਹੈ ਕਿ ਰਕਮ ਹਾਲੇ ਪੂਰੀ ਤਰ੍ਹਾਂ ਡੁੱਬੀ ਨਹੀਂ ਹੈ। ਬੈਂਕਾਂ ਵੱਲੋਂ ਵਸੂਲੀ ਲਈ ਇਸ ਨੂੰ ਰਿਕਵਰੀ ਟ੍ਰਿਬਿਊਨਲ ਦੇ ਸਪੁਰਦ ਕਰ ਦਿੱਤਾ ਜਾਂਦਾ ਹੈ। ਪਿਛਲਾ ਰਿਕਾਰਡ ਦੱਸਦਾ ਹੈ ਕਿ ਟ੍ਰਿਬਿਊਨਲ ਵਿੱਚ ਸਮਝੌਤੇ ਹੁੰਦੇ ਹਨ ਤੇ ਮਸਾਂ ਹੀ 5 ਤੋਂ 6 ਫੀਸਦੀ ਰਿਕਵਰੀ ਕਰਕੇ ਕਰਜ਼ਾ ਖ਼ਤਮ ਕਰ ਦਿੱਤਾ ਜਾਂਦਾ ਹੈ। ਅਸਲ ਵਿੱਚ ਬੱਟੇ-ਖਾਤੇ ਦੀ ਇਹ ਚੋਰ ਮੋਰੀ ਕਾਰਪੋਰੇਟਾਂ ਲਈ ਬੈਂਕਾਂ ਨੂੰ ਲੁੱਟਣ ਲਈ ਬਣਾਈ ਗਈ ਹੈ। ਟ੍ਰਿਬਿਊਨਲ ਵਿੱਚ ਨਿਬੇੜੇ ਤੋਂ ਬਾਅਦ ਬੈਂਕ ਆਪਣੀ ਸਲੇਟ ਸਾਫ਼ ਕਰ ਲੈਂਦੇ ਹਨ। ਇਸ ਨਾਲ ਬੈਂਕ ਸਾਫ਼ ਸੁਥਰੀ ਬੈਲੈਂਸ ਸ਼ੀਟ ਰਾਹੀਂ ਆਪਣੀ ਨਰੋਈ ਵਿੱਤੀ ਸਿਹਤ ਦਾ ਅਕਸ ਨਿਵੇਸ਼ਕਾਂ ਨੂੰ ਭਰਮਾਉਣ ਲਈ ਕਰਦੇ ਹਨ। ਦੂਜੇ ਪਾਸੇ ਸਰਕਾਰ ਦਾ ਅਕਸ ਵੀ ਸਾਫ ਸੁਥਰਾ ਦਿਖਾਇਆ ਜਾਂਦਾ ਹੈ।*

*ਹੁਣ ਸਰਕਾਰ ਵੱਲੋਂ ਮਾਂਜ-ਸਵਾਰ ਕੇ ਬਣਾਈਆਂ ਗਈਆਂ ਇਨ੍ਹਾਂ ਬੈਲੈਂਸ ਸ਼ੀਟਾਂ ਵਿੱਚ ਮੁਨਾਫ਼ੇ ਨੂੰ ਪ੍ਰਚਾਰ ਕੇ 30 ਟ੍ਰਿਲੀਅਨ ਡਾਲਰ ਦੀ ਇਕਾਨਮੀ ਬਣ ਜਾਣ ਦੀ ਦੁਹਾਈ ਦਿੱਤੀ ਜਾ ਰਹੀ ਹੈ। ਇਸ ਬਾਰੇ ਪੂਰੇ ਦੇਸ਼ ਵਿੱਚ ਵਿਕਸਤ ਭਾਰਤ ਬਣ ਜਾਣ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ।*

*ਸਚਾਈ ਇਹ ਹੈ ਕਿ ਮੋਦੀ ਸਰਕਾਰ ਨੇ ਦੇਸ਼ ਉਪਰ 155 ਲੱਖ ਕਰੋੜ ਦਾ ਕਰਜ਼ਾ ਚੜ੍ਹਾ ਕੇ ਨਵਾਂ ਰਿਕਾਰਡ ਕਾਇਮ ਕਰ ਦਿੱਤਾ ਹੈ। 2014 ਤੋਂ ਪਹਿਲਾਂ ਇਹ ਕਰਜ਼ਾ ਸਿਰਫ਼ 55 ਲੱਖ ਕਰੋੜ ਸੀ।*

*ਸਵਾਲ ਪੈਦਾ ਹੁੰਦਾ ਹੈ ਕਿ ਮੋਦੀ ਸਰਕਾਰ ਇਹ ਕਰਜ਼ਾ ਕਿਸ ਲਈ ਲੈ ਰਹੀ ਹੈ। ਪੈਟਰੋਲ, ਡੀਜ਼ਲ ਤੇ ਘਰੇਲੂ ਗੈਸ 'ਤੇ ਟੈਕਸ ਵਿੱਚ ਕੀਤਾ ਗਿਆ ਬੇਸ਼ੁਮਾਰ ਵਾਧਾ। ਸਭ ਮੁੱਖ ਸੜਕਾਂ 'ਤੇ ਟੋਲ ਟੈਕਸ ਦੀ ਵਸੂਲੀ। ਜੀ ਐਸ ਟੀ ਰਾਹੀਂ ਹਰ ਮਹੀਨੇ ਰਿਕਾਰਡ ਵਸੂਲੀ। ਇਸ ਤਰ੍ਹਾਂ ਹੀ ਸਰਕਾਰ ਦਾਅਵਾ ਕਰਦੀ ਹੈ ਕਿ ਆਮਦਨ ਕਰ ਦੀ ਵਸੂਲੀ ਪਹਿਲਾਂ ਦੇ ਮੁਕਾਬਲੇ ਵਧੀ ਹੈ। ਇਹ ਕਹਿ ਕੇ ਸਰਕਾਰ ਪੇਸ਼ ਕਰਦੀ ਹੈ ਕਿ ਦੇਸ਼ ਤੇਜ਼ੀ ਨਾਲ ਵਿਕਾਸ ਕਰ ਰਿਹਾ ਹੈ। ਜੇ ਇਹ ਸਭ ਸੱਚ ਹੈ ਤਾਂ ਫਿਰ ਕਰਜ਼ਾ ਕਿਉਂ ਵਧੀ ਜਾਂਦਾ ਹੈ। ਕਿਉਂ ਦੇਸ਼ ਦੇ ਪੂੰਜੀਪਤੀ ਤੇ ਕਾਰਪੋਰੇਟ ਏਨੇ ਗਰੀਬ ਹੋ ਗਏ ਹਨ ਕਿ ਉਹ ਬੈਂਕਾਂ ਦਾ ਕਰਜ਼ਾ ਮੋੜਨੋਂ ਅਸਮਰੱਥ ਹਨ।*

## ਬਜ਼ਾਰ ਦੀ ਮਾਰ

*ਮਮਤਾ ਖੋਹੀ ਐ ਮਾਵਾਂ ਦੇ ਦਿਲਾਂ ਵਿੱਚੋਂ*
*ਰਾਹੇ 'ਧਨ ਕਮਾਉਣ' ਦੇ ਪਾਈਆਂ ਨੇ।*
*ਆਏ ਸਮਝਦੇ 'ਨੀਵੀਂਆਂ' ਆਪਣੇ ਤੋਂ*
*ਸਮਝੀ ਇਹ 'ਬਰਾਬਰੀ' ਭਾਈਆਂ ਨੇ।*
*ਦੇਖ-ਰੇਖ ਵਿੱਚ ਬੱਚੇ ਨੂੰ ਪਾਲਣਾ ਸੀ*
*ਹੁਣ ਵਿਰਾਸਤਾਂ ਉਹ ਭੁਲਾਈਆਂ ਨੇ।*
*ਨਿੱਕੇ ਨਿਆਣੇ ਵੀ ਭੇਜ ਸਕੂਲ ਦਿੱਤੇ*
*ਨੱਠ-ਭੱਜ ਕੇ ਬੱਝਦੀਆਂ ਟਾਈਆਂ ਨੇ।*
*ਮੋਹ ਮਿਲੇ ਨਾ ਮਾਵਾਂ ਦਾ ਬੱਚਿਆਂ ਨੂੰ*
*ਤਦੇ ਘਰਾਂ 'ਚ ਖੁਸ਼ਕੀਆਂ ਆਈਆਂ ਨੇ।*
*ਮਾਰ ਪਈ 'ਬਜ਼ਾਰ' ਦੀ ਟੱਬਰਾਂ 'ਤੇ*
*ਪੱਕੇ ਡੇਰੇ ਆ ਲਾਏ 'ਬੁਰਾਈਆਂ' ਨੇ।*

**-ਤਰਲੋਚਨ ਸਿੰਘ ਦੁਪਾਲਪੁਰ,**
*001-408-915-1268*

# ਦਲੇਰ ਤੇ ਸਿਆਣਪ ਦਾ ਮੁਜੱਸਮਾ ਸੀ ਕਾਮਰੇਡ ਭਗਵਾਨ ਦਾਸ

**ਪ੍ਰਿਥੀਪਾਲ ਸਿੰਘ ਮਾੜੀਮੇਘਾ**

ਭਗਵਾਨ ਦਾਸ (ਚੰਦ) ਦਾ ਪਿੰਡ ਬਹਾਦਰਕੇ, ਗੁਰੂ ਹਰਸਹਾਏ ਦੇ ਨਜ਼ਦੀਕ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਹੈ। ਭਗਵਾਨ ਨਾਲ ਮੇਰਾ ਮੇਲ ਕਰਾਇਆ ਸੀ ਕਾਮਰੇਡ ਵਜ਼ੀਰ ਚੰਦ ਸੱਪਾਂਵਾਲੀ ਨੇ।ਵਜ਼ੀਰ ਚੰਦ ਭਗਵਾਨ ਨੂੰ ਸਰਬ ਭਾਰਤ ਨੌਜਵਾਨ ਸਭਾ ਦੀ ਬੁਢਲਾਡਾ ਕਾਨਫਰੰਸ 'ਤੇ ਲੈ ਕੇ ਆਇਆ ਸੀ। ਇਹ ਕਾਨਫਰੰਸ ਹੋਈ ਸੀ 1996 ਵਿੱਚ ਤੇ ਪ੍ਰਧਾਨ ਬਣਿਆ ਸੀ ਦਲਜੀਤ ਸਿੰਘ ਮਾਨਸ਼ਾਹੀਆ ਤੇ ਜਨਰਲ ਸਕੱਤਰ ਮੈਂ ਭਾਵ ਪ੍ਰਿਥੀਪਾਲ ਸਿੰਘ।

ਭਗਵਾਨ ਨਾਲ ਮੇਲ ਕਰਾਉਣ ਤੋਂ ਬਾਅਦ ਵਜ਼ੀਰ ਚੰਦ ਮੇਰੇ ਮਗਰ ਪਿਆ ਕਿ ਕਾਮਰੇਡ ਸਾਂਝਾ ਰਾਮ ਦਾ ਲੜਕਾ ਹੈ ਹੰਸ ਰਾਜ ਗੋਲਡਨ ਜੋ ਤਰਕਸ਼ੀਲ ਸੁਸਾਇਟੀ ਵਿੱਚ ਸਰਗਰਮ ਹੈ, ਪਰ ਉਹ ਸੀ ਪੀ ਆਈ ਨੂੰ ਨਹੀਂ ਮੰਨਦਾ। ਮੈਂ ਉਸ ਨਾਲ ਤੇਰਾ ਤਾਲਮੇਲ ਕਰਾ ਦਿੰਦਾ ਹਾਂ, ਪਰ ਹੈ ਉਹ ਜਿਦੀਆ। ਵਜ਼ੀਰ ਚੰਦ ਨੇ ਨੌਜਵਾਨ ਸਭਾ ਦੀ ਇਲਾਕਾ ਕਾਨਫਰੰਸ ਜਲਾਲਾਬਾਦ ਰੱਖ ਦਿੱਤੀ ਤੇ ਮੈਨੂੰ ਵੀ ਬੁਲਾ ਲਿਆ। ਇਸ ਕਾਨਫਰੰਸ ਦੀ ਤਿਆਰੀ ਵਿੱਚ ਭਗਵਾਨ ਦਾ ਵੱਡਮੁੱਲਾ ਯੋਗਦਾਨ ਸੀ, ਕਿਉਂਕਿ ਵਜ਼ੀਰ ਚੰਦ ਤਾਂ ਅਬੋਹਰ ਇਲਾਕੇ ਵਿੱਚ ਰਹਿੰਦਾ ਸੀ ਤੇ ਭਗਵਾਨ ਦਾ ਇਹ ਜ਼ੱਦੀ ਏਰੀਆ ਸੀ।ਇਹ ਕਾਨਫਰੰਸ ਸ਼ਾਇਦ 1997-98 ਵਿੱਚ ਹੋਈ ਸੀ। ਇਸ ਕਾਨਫਰੰਸ ਵਿੱਚ ਵਜ਼ੀਰ ਨੇ ਮੈਨੂੰ ਗੋਲਡਨ ਮਿਲਾਇਆ। ਮੈਂ ਮਿਲ ਕੇ ਬੜਾ ਖੁਸ਼ ਹੋਇਆ, ਕਿਉਂਕਿ ਗੋਲਡਨ ਸੋਹਣਾਂ-ਸੁਨੱਖਾ ਤੇ ਪੜ੍ਹਿਆ-ਲਿਖਿਆ ਨੌਜਵਾਨ ਸੀ। ਮੈਂ ਗੋਲਡਨ ਨੂੰ ਜਥੇਬੰਦੀ ਦਾ ਮੁੱਖ ਆਹੁਦੇਦਾਰ ਬਣਾਉਣ ਲਈ ਉਸ ਨੂੰ ਪ੍ਰਭਾਵਿਤ ਕਰਨ ਵਾਲਾ ਲੈਕਚਰ ਦਿੱਤਾ ਤੇ ਮੇਰਾ ਯਾਦੂ ਚੱਲ ਗਿਆ। ਉਹ ਮੁੱਖ ਆਗੂ ਬਣਨ ਲਈ ਮੰਨ ਗਿਆ ਤੇ ਬਣਾ ਦਿੱਤਾ। ਫਿਰ ਜਲਾਲਾਬਾਦ ਇਲਾਕੇ ਵਿੱਚ ਹੰਸਾਂ ਦੀ ਜੋੜੀ ਭਗਵਾਨ ਤੇ ਗੋਲਡਨ ਦੀ ਰਲ ਗਈ।ਇਨ੍ਹਾਂ ਦੋਹਾਂ ਨੇ ਨੌਜਵਾਨ ਸਭਾ ਦਾ ਜਲਾਲਾਬਾਦ ਗੜ੍ਹ ਬਣਾ ਦਿੱਤਾ ਜੋ ਹੁਣ ਵੀ ਹੈ। ਰੁਜ਼ਗਾਰ ਪ੍ਰਾਪਤੀ ਰੈਲੀਆਂ ਤੇ ਇਹ ਹਰਮਨ ਪਿਆਰੇ ਆਗੂ 50-50 ਬੱਸਾਂ ਜਵਾਨੀ ਦੀਆਂ ਲੱਦ-ਲੱਦ ਕੇ ਲਿਆਉਂਦੇ ਸਨ। ਹੰਸਾਂ ਦੀ ਜੋੜੀ ਸਦਕਾ ਨੌਜਵਾਨ ਸਭਾ ਦੀ ਜਥੇਬੰਦੀ ਫਿਰੋਜ਼ਪੁਰ ਵਿੱਚ ਪੰਜਾਬ 'ਚੋਂ ਪਹਿਲੇ ਨੰਬਰ 'ਤੇ ਆ ਗਈ ਸੀ।

ਰੁਜ਼ਗਾਰ ਪ੍ਰਾਪਤੀ ਮੁਹਿੰਮ ਲਈ ਬੁਲਾਰਿਆਂ ਦੀ ਘਾਟ ਪੂਰੀ ਕਰਨ ਵਾਸਤੇ ਜਗਰੂਪ ਵਿਸ਼ੇਸ਼ ਕੈਂਪ ਲਾਉਂਦਾ ਸੀ।ਇਨ੍ਹਾਂ ਕੈਂਪਾਂ 'ਚੋਂ ਟ੍ਰੇਨਿੰਗ ਲੈ ਕੇ ਅਨਪੜ੍ਹ ਭਗਵਾਨ, ਪੜ੍ਹਿਆਂ-ਲਿਖਿਆਂ ਨਾਲੋਂ ਵੀ ਵਧੀਆ ਤੇ ਤਜ਼ਰਬੇਕਾਰ ਬੁਲਾਰਾ ਬਣ ਗਿਆ ਸੀ।ਭਗਵਾਨ ਇਕੱਲਾ ਆਪ ਹੀ ਬੁਲਾਰਾ ਨਹੀਂ ਸੀ ਬਣਿਆ ਉਹ ਵੀ ਜਗਰੂਪ ਦੀ ਤਰ੍ਹਾਂ ਕੈਂਪ ਲਾ ਕੇ ਅੱਗੇ ਨਵੇਂ ਬੁਲਾਰੇ ਬਣਾਉਣ ਲੱਗ ਪਿਆ ਸੀ।ਭਗਵਾਨ ਇਕੱਲਾ ਪਿੰਡਾਂ ਵਿੱਚ ਜਾਂਦਾ ਤੇ ਸਰਬ ਸਾਂਝੇ ਥਾਂ 'ਤੇ ਮੁੰਡੇ ਇਕੱਠੇ ਕਰਦਾ ਤੇ ਰੁਜ਼ਗਾਰ ਪ੍ਰਾਪਤੀ ਮੁਹਿੰਮ 'ਤੇ ਚਾਨਣਾ ਪਾ ਕੇ ਨੌਜਵਾਨ ਸਭਾ ਜਥੇਬੰਦੀ ਕਾਇਮ ਕਰ ਦਿੰਦਾ ਸੀ।

ਭਗਵਾਨ ਤੇ ਗੋਲਡਨ ਨੇ ਆਪਣੇ ਇਲਾਕੇ ਦੇ ਪਿੰਡਾਂ 'ਚੋਂ ਨੌਜਵਾਨ ਸਭਾ ਵਾਸਤੇ ਉਗਰਾਹੀ ਕਰਨ ਲਈ ਸਾਰੇ ਪੰਜਾਬ ਦੇ ਸਾਥੀਆਂ ਨੂੰ ਸੱਦਿਆ। ਨੌਜਵਾਨ ਕੁੜੀਆਂ-ਮੁੰਡੇ ਗਰੁੱਪਾਂ ਵਿੱਚ ਉਗਰਾਹੀ ਕਰਨ ਜਾਂਦੇ ਤੇ ਭਗਵਾਨ ਆਪ ਉਸ ਗਰੁੱਪ ਨਾਲ ਜਾਂਦਾ, ਜਿੱਥੋਂ ਵਧੇਰੇ ਉਗਰਾਹੀ ਦੀ ਆਸ ਹੁੰਦੀ ਸੀ। ਇਸ ਉਗਰਾਹੀ 'ਚੋਂ ਪੰਜਾਬ ਨੂੰ ਵੀ ਹਿੱਸਾ ਦਿੱਤਾ ਜਾਂਦ। ਪੰਜਾਬ ਵਿੱਚ ਸਰਬ ਭਾਰਤ ਨੌਜਵਾਨ ਸਭਾ ਤੇ ਏ ਆਈ ਐਸ ਐਫ ਨੇ ਭਗਤ ਦਾ ਜਨਮ ਦਿਨ 28 ਸਤੰਬਰ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਤੋਂ ਮਨਾਉਣ ਦੀ ਪਿਰਤ ਪਾਈ ਸੀ, ਜੋ ਹੁਣ ਤੱਕ ਜਾਰੀ ਹੈ।ਇਸ ਪ੍ਰੋਗਰਾਮ ਨੂੰ ਕਾਮਯਾਬ ਕਰਨ ਲਈ ਜਲੰਧਰ ਸ਼ਹਿਰ ਵਿੱਚ ਫੰਡ ਮੁਹਿੰਮ ਚਲਾਈ ਜਾਂਦੀ ਸੀ। ਸਾਰੇ ਪੰਜਾਬ ਦੇ ਮੁੰਡੇ-ਕੁੜੀਆਂ ਇਕੱਠੇ ਹੁੰਦੇ ਤੇ ਦੁਪਹਿਰ ਤੋਂ ਪਹਿਲਾਂ ਜਗਰੂਪ ਕਲਾਸ ਲਾਉਂਦਾ ਸੀ ਤੇ ਨੌਜਵਾਨਾਂ ਦੇ ਗਰੁੱਪ ਬਣਾ ਕੇ ਉਗਰਾਹੀ ਲਈ ਸ਼ਹਿਰ ਦੇ ਬਾਜ਼ਾਰਾਂ ਵਿੱਚ ਤੋਰੇ ਜਾਂਦੇ ਸਨ। ਭਗਵਾਨ ਇਸ ਉਗਰਾਹੀ ਵਿੱਚ ਵੀ ਸਰਗਰਮੀ ਨਾਲ ਹਿੱਸਾ ਲੈਂਦਾ ਸੀ। ਭਗਵਾਨ ਦੀ ਅੰਮ੍ਰਿਤਸਰ ਸ਼ਹਿਰ ਦੇ ਪ੍ਰੇਮ ਨਾਥ ਹਰੀਪੁਰਾ ਨਾਲ ਵੀ ਗੂੜ੍ਹੀ ਮਿੱਤਰਤਾ ਸੀ, ਜੋ ਆਖ਼ਰੀ ਦਮ ਤੱਕ ਨਿਭੀ।

ਉਮਰ ਦੇ ਤਕਾਜ਼ੇ ਮੁਜ਼ਬ ਭਗਵਾਨ ਸਿੱਧੇ ਰੂਪ ਵਿੱਚ ਸੀ ਪੀ ਆਈ ਵਿੱਚ ਕੰਮ ਕਰਨ ਲੱਗ ਪਿਆ। ਮੇਰੀ ਡਿਊਟੀ ਲੱਗ ਗਈ ਫਿਰੋਜ਼ਪੁਰ ਜ਼ਿਲ੍ਹੇ ਦੀ ਪਾਰਟੀ ਮੈਂਬਰਸ਼ਿਪ ਦੀ ਪੜਤਾਲ ਕਰਨ ਦੀ। ਨਾਲ ਸਨ ਮੇਰੇ ਗੁਰਨਾਮ ਕੰਵਰ ਤੇ ਸਾਡੇ ਸਤਿਕਾਰਤ ਆਗੂ ਓਮ ਪ੍ਰਕਾਸ਼ ਮਹਿਤਾ, ਪਰ ਪੜਤਾਲ ਕਰਨ ਮੈਂ ਇਕੱਲਾ ਹੀ ਗਿਆ ਸਾਂ ਆਪਣੇ ਸਾਥੀਆਂ ਦੀ ਪ੍ਰਵਾਨਗੀ ਨਾਲ। ਪੜਤਾਲ ਹਾਲੇ ਸ਼ੁਰੂ ਕਰਨ ਹੀ ਲੱਗੇ ਸਾਂ ਤੇ ਫਿਰੋਜ਼ਪੁਰ 'ਚੋਂ ਫਾਜ਼ਿਲਕਾ ਜ਼ਿਲ੍ਹਾ ਬਣ ਗਿਆ।

ਫਾਜ਼ਿਲਕਾ ਜ਼ਿਲ੍ਹੇ ਵਿੱਚ ਪੜਤਾਲ ਕਰਾਉਣ ਵਾਲੀਆਂ ਦੋ ਧਿਰਾਂ ਸਨ। ਗੋਲਡਨ ਤੇ ਵਜ਼ੀਰ ਚੰਦ-ਨਾਨਕ ਸਿੰਘ-ਰਿਸ਼ੀ ਪਾਲ। ਪੜਤਾਲ ਅਮਨ ਚੈਨ ਨਾਲ ਨੇਪਰੇ ਚੜ੍ਹ ਗਈ।ਦੋਹਾਂ ਧਿਰਾਂ ਨੇ ਪੜਤਾਲ ਹੋਈ ਮੈਂਬਰਸ਼ਿਪ ਨੂੰ ਦਸਤਖ਼ਤ ਕਰਕੇ ਪ੍ਰਵਾਨ ਕਰ ਲਿਆ।ਇਸੇ ਤਰ੍ਹਾਂ ਫਿਰੋਜ਼ਪੁਰ ਦੀ ਵੀ ਸਰਬ-ਸੰਮਤੀ ਨਾਲ ਪੜਤਾਲ ਹੋ ਗਈ।ਇਸੇ ਪੜਤਾਲ ਸਦਕਾ ਹੀ ਕਸ਼ਮੀਰ ਸਿੰਘ ਫਿਰੋਜ਼ਪੁਰ ਦਾ ਪਾਰਟੀ ਸੈਕਟਰੀ ਬਣਿਆ ਸੀ। ਦੋਹਾਂ ਜ਼ਿਲ੍ਹਿਆਂ ਦੀ ਪੜਤਾਲ ਵਿੱਚ



ਜਿਨ੍ਹਾਂ ਸਹਿਯੋਗ ਭਗਵਾਨ ਨੇ ਦਿੱਤਾ ਸੀ, ਉਹ ਭੁਲਾਇਆ ਨਹੀਂ ਜਾ ਸਕਦਾ।

ਫਾਜ਼ਿਲਕਾ ਜ਼ਿਲ੍ਹੇ ਦੀ ਪਾਰਟੀ ਕਾਨਫਰੰਸ ਕਰਾਉਣ ਦੀ ਸੂਬਾ ਪਾਰਟੀ ਨੇ ਮੇਰੀ ਡਿਊਟੀ ਲਾ ਦਿੱਤੀ।ਨਾਲ ਮੇਰੇ ਇੱਕ ਹੋਰ ਸਾਥੀ ਸੀ, ਪਰ ਉਸ ਸਾਥੀ ਦਾ ਨਾਂਅ ਚੇਤੇ 'ਚੋਂ ਵਿਸਰਿਆ ਹੈ। ਉਹ ਸਾਥੀ ਮੈਨੂੰ ਮਾਫ ਕਰੇਗਾ। ਜਲਾਲਾਬਾਦ ਪਾਰਟੀ ਦਫਤਰ ਵਿੱਚ ਕਾਨਫਰੰਸ ਸਰਬ-ਸੰਮਤੀ ਨਾਲ ਹੋ ਗਈ ਤੇ ਜ਼ਿਲ੍ਹਾ ਸਕੱਤਰ ਚੁਣਿਆ ਗਿਆ ਹੰਸ ਰਾਜ ਗੋਲਡਨ, ਪਰ ਕੁਝ ਦਿਨਾਂ ਬਾਅਦ ਇੱਕ-ਦੋ ਸਾਥੀਆਂ ਨੇ ਸੂਬੇ ਨੂੰ ਸ਼ਿਕਾਇਤ ਕਰ ਦਿੱਤੀ ਕਿ ਕਾਨਫਰੰਸ ਵਿਧਾਨ ਦੇ ਅਨੁਕੂਲ ਨਹੀਂ ਹੋਈ। ਕਾਨਫਰੰਸ ਰੱਦ ਕਰਕੇ ਮੁੜ ਕਰਾਈ ਜਾਵੇ। ਸੂਬੇ ਨੇ ਕਾਨਫਰੰਸ ਰੱਦ ਕਰ ਦਿੱਤੀ ਤੇ ਮੁੜ ਕਰਾਉਣ ਦੀ ਜ਼ਿੰਮੇਵਾਰੀ ਫਿਰ ਮਾੜੀਮੇਘਾ ਤੇ ਨਾਲ ਮੇਰੇ ਬਲਦੇਵ ਸਿੰਘ ਨਿਹਾਲਗੜ੍ਹ ਲਾ ਦਿੱਤਾ। ਜਿਨ੍ਹਾਂ ਸਾਥੀਆਂ ਨੂੰ ਕਾਨਫਰੰਸ ਮਨਜ਼ੂਰ ਨਹੀਂ ਸੀ, ਉਹ ਕਹਿਣ ਕਿ ਹੁਣ ਕਾਨਫਰੰਸ ਫਾਜ਼ਿਲਕਾ ਕੀਤੀ ਜਾਵੇ। ਅਸੀਂ ਗੋਲਡਨ ਨੂੰ ਮਨਾ ਕੇ ਫਾਜ਼ਿਲਕਾ ਵਿਖੇ ਮੁੜ ਸਰਬਸੰਮਤੀ ਨਾਲ ਕਾਨਫਰੰਸ ਕਰਾ ਦਿੱਤੀ। ਫਾਜ਼ਿਲਕਾ ਜ਼ਿਲ੍ਹੇ ਦੀ ਚੋਣ ਵੇਲੇ ਮੈਂ ਭਗਵਾਨ ਦੀ ਰਾਏ ਵੀ ਲੈਂਦਾ ਸਾਂ ਤੇ ਦੋਹਾਂ ਗਰੁੱਪਾਂ ਦੇ ਸੁਭਾਅ ਬਾਰੇ ਜਾਣਕਾਰੀ ਵੀ, ਕਿਉਂਕਿ ਫਾਜ਼ਿਲਕਾ ਫਿਰੋਜ਼ਪੁਰ ਦਾ ਹਿੱਸਾ ਹੋਣ ਕਰਕੇ ਭਗਵਾਨ ਸਾਰੇ ਕਾਮਰੇਡਾਂ ਨੂੰ ਚੰਗੀ ਤਰ੍ਹਾਂ ਜਾਣਦਾ ਸੀ।

ਹੰਸ ਰਾਜ ਗੋਲਡਨ ਦੀ ਪਾਰਲੀਮੈਂਟ ਚੋਣ ਵੇਲੇ ਮੈਂ ਭਗਵਾਨ ਦੇ ਘਰ ਇੱਕ ਮਹੀਨੇ ਦੇ ਕਰੀਬ ਰਿਹਾ ਸਾਂ।ਮੈਨੂੰ ਸਾਰੇ ਪਰਵਾਰ ਨੂੰ ਨੇੜਿਓਂ ਜਾਨਣ ਦਾ ਮੌਕਾ ਮਿਲਿਆ।ਮੈਂ ਵੇਖਿਆ ਕਿ ਸਾਰਾ ਪਰਵਾਰ ਇਕੱਠਾ ਰਹਿੰਦਾ ਤੇ ਕੋਈ ਤੇਰ ਮੇਰ ਨਹੀਂ।ਇੱਕ ਨੇ ਕਹੀ-ਦੂਜੇ ਨੇ ਮਾਨੀ ਵਾਲੀ ਉਦਾਹਰਣ ਇਸ ਪ੍ਰਵਾਰ 'ਤੇ ਪੂਰੀ ਤਰ੍ਹਾਂ ਢੁੱਕਦੀ ਸੀ। ਭਗਵਾਨ ਨੇ ਸਵੇਰੇ ਸਾਂਧਰੇ ਉੱਠਣਾ ਤੇ ਖੇਤਾਂ ਨੂੰ ਗੇੜਾ ਵੀ ਮਾਰਨਾ ਤੇ ਮਾਲ ਵਾਸਤੇ ਪੱਠੇ ਵੀ ਲੈ ਕੇ ਆਉਣੇ। ਫਿਰ ਅਸੀਂ ਚੋਣ ਪ੍ਰਚਾਰ 'ਤੇ ਨਿਕਲਦੇ ਸੀ।

ਭਗਵਾਨ ਮੇਰੇ ਤਰ੍ਹਾਂ ਸ਼ੂਗਰ ਦਾ ਮਰੀਜ਼ ਸੀ। ਉਸ ਨੇ ਸਵੇਰੇ-ਸਵੇਰੇ ਖਾਣਪੀਣ ਤੋਂ ਪਹਿਲਾਂ ਸ਼ੂਗਰ ਚੈਕ ਕਰਨੀ ਤੇ ਜੇ ਸ਼ੂਗਰ ਵੱਧ ਹੋਵੇ ਤਾਂ ਦਵਾਈ ਖਾ ਲੈਣੀ ਜੇ ਠੀਕ ਹੋਣੀ ਤੇ ਫਿਰ ਨਾ ਖਾਣੀ। ਮੈਂ ਕਿਹਾ ਭਗਵਾਨ ਮੇਰਾ ਡਾਕਟਰ ਤੇ ਕਹਿੰਦਾ ਦਵਾਈ ਖਾਣੀ ਹੀ ਖਾਣੀ ਹੈ, ਭਾਵੇਂ ਸ਼ੂਗਰ ਘੱਟ ਹੋਵੇ ਜਾਂ ਵੱਧ, ਜੇ ਦਵਾਈ ਘੱਟ ਵਧ ਕਰਨੀ ਹੋਵੇ ਤਾਂ ਮੈਂ ਚੈਕ ਕਰਕੇ ਕਰਾਂਗਾ।ਇਸ ਲਈ ਮੇਰੀ ਰਾਏ ਹੈ ਕਿ ਤੂੰ ਰੋਜ਼ਾਨਾ ਸ਼ੂਗਰ ਚੈਕ ਨਾ ਕਰਿਆ ਕਰ ਤੇ ਦਵਾਈ ਰੋਜ਼ ਖਾਇਆ ਕਰ। ਇੱਕ ਦਿਨ ਅਸੀਂ ਪ੍ਰਚਾਰ ਲਈ ਗੱਡੀ 'ਤੇ ਜਾ ਰਹੇ ਸਾਂ ਤੇ ਭਗਵਾਨ ਨੇ ਕਰੇਲਿਆਂ ਦੀ ਰੇਹੜੀ ਕੋਲ ਗੱਡੀ ਰੋਕ ਕੇ ਦੋ ਕਰੇਲੇ ਲਏ ਤੇ ਕੱਚੇ ਖਾਣ ਲੱਗ ਪਿਆ। ਮੈਂ ਸੋਚਿਆ ਇਸ ਨੂੰ ਭੁੱਖ ਲੱਗ ਗਈ ਹੋਣੀ, ਮੇਰੇ ਤਰ੍ਹਾਂ ਮਿੱਠੀ ਚੀਜ਼ ਤੇ ਖਾ ਨਹੀਂ ਸਕਦਾ। ਇਸ ਲਈ ਕਰੇਲੇ ਖਾਣ ਲੱਗ ਪਿਆ।ਮੈਂ ਪੁੱਛਿਆ ਕਿ ਭਗਵਾਨ ਅੱਜ ਟਾਈਮ ਨਾਲ ਹੀ ਭੁੱਖ ਲੱਗ ਗਈ। ਕਹਿੰਦਾ ਭੁੱਖ ਨਹੀਂ ਲੱਗੀ ਮੇਰੀ ਸ਼ੂਗਰ ਵਧ ਗਈ ਤੇ ਇਸ ਲਈ ਮੈਂ ਕੱਚੇ ਕਰੇਲੇ ਖਾ ਰਿਹਾ ਹਾਂ ਤਾਂ ਕਿ ਠੀਕ ਹੋ ਜਾਵੇ।

ਭਗਵਾਨ ਦਾ ਪਾਰਟੀ ਪ੍ਰੋਗਰਾਮਾਂ 'ਤੇ ਆਮ ਹੀ ਮੇਲ ਹੁੰਦਾ ਰਹਿੰਦਾ ਸੀ ਤੇ ਸੁੱਖ ਸਾਂਦ ਪੁੱਛ ਲਈਦੀ ਸੀ।ਮੈਂ ਪੁੱਛਣਾ ਭਗਵਾਨ ਠੀਕ ਆਂ, ਤੇਰਾ ਸਰੀਰ ਬੜਾ ਪਤਲਾ ਹੋਇਆ ਤੇ ਉਸ ਨੇ ਕਹਿਣਾ ਬਿਲਕੁੱਲ ਠੀਕ ਹੈ।ਮੇਰਾ ਭਗਵਾਨ ਨਾਲ ਆਖਰੀ ਮੇਲ ਸ਼ਾਇਦ 28 ਸਤੰਬਰ ਭਗਤ ਸਿੰਘ ਦੇ ਜਨਮ ਦਿਹਾੜੇ 'ਤੇ ਜਲੰਧਰ ਜਾਂ ਗਦਰੀ ਬਾਬਿਆਂ ਦੇ ਮੇਲੇ 'ਤੇ ਹੋਇਆ ਹੈ।ਜਦੋਂ ਮੈਂ ਭਗਵਾਨ ਦੀ ਮੌਤ ਦੀ ਖ਼ਬਰ ਫੋਨ ਤੋਂ ਪੜ੍ਹੀ ਤੇ ਹੈਰਾਨ ਹੋ ਗਿਆ ਕਿ ਇਹ ਕੀ ਬਣਿਆ ਹੈ ਭਗਵਾਨ ਤੋਂ ਬਿਨਾਂ ਤਾਂ ਗੁਰੂ ਹਰਸਹਾਏ ਦਾ ਇਲਾਕਾ ਸੁੰਞਾ ਹੋ ਗਿਆ। ਭਗਵਾਨ ਦੀ ਘਾਟ ਪੂਰੀ ਹੋਣ 'ਚ ਪਤਾ ਨਹੀਂ ਕਿੰਨਾ ਸਮਾਂ ਲੱਗੇਗਾ।ਮੈਂ ਆਪਣੇ ਤੇ ਆਪਣੇ ਸਾਥੀਆਂ ਵੱਲੋਂ ਪਿਆਰੇ ਸਾਥੀ ਭਗਵਾਨ ਨੂੰ ਹਾਰਦਿਕ ਸ਼ਰਧਾਂਜਲੀ ਅਰਪਿਤ ਕਰਦਾ ਹਾਂ।

***# ਸੰਪਰਕ : 98760-78731***

# ਕੁਦਰਤੀ ਹਾਦਸੇ ਤੇ ਸਾਇੰਸ ਦੀ ਸਾਰਥਕਤਾ

**ਲੈ.ਫਟੀਨੈਂਟ ਕੁਲਦੀਪ ਸ਼ਰਮਾ**

ਮਨੁੱਖ ਲਈ ਬ੍ਰਹਿਮੰਡ ਦੀਆਂ ਅਨੰਤ ਸੱਚਾਈਆਂ ਦੀ ਖੋਜ ਕਰਨਾ ਹਮੇਸ਼ਾ ਤੋਂ ਹੀ ਚੁਣੌਤੀਪੂਰਨ ਅਤੇ ਰੋਮਾਂਚਕ ਹੋਣ ਕਾਰਨ ਖਿੱਚ ਦਾ ਕੇਂਦਰ ਰਿਹਾ ਹੈ। ਇਸੇ ਲਈ ਮਨੁੱਖ ਸਾਇੰਸ ਦੀ ਮਦਦ ਨਾਲ ਕੁਦਰਤ ਨੂੰ ਫਤਹਿ ਕਰਨ ਲਈ ਸਦਾ ਯਤਨਸ਼ੀਲ ਰਿਹਾ ਹੈ। ਪਿੱਛੇ ਜਿਹੇ ਭਾਰਤ ਨੇ ਚੰਦ 'ਤੇ ਜਾਣ ਲਈ ਚੰਦਰਯਾਨ 3 ਮਿਸ਼ਨ ਲਾਂਚ ਕੀਤਾ ਅਤੇ ਭਾਰਤ ਨੂੰ ਮਾਤ ਦੇਣ ਲਈ ਕੁਝ ਦਿਨਾਂ ਬਾਅਦ ਹੀ ਰਸ਼ੀਆ ਨੇ ਵੀ ਲੂਨਾ 25 ਮਿਸ਼ਨ ਸ਼ੁਰੂ ਕਰ ਦਿੱਤਾ। ਰਸ਼ੀਆ ਦਾ ਚੰਦ 'ਤੇ ਜਾਣ ਦਾ ਮਿਸ਼ਨ ਤਾਂ ਤਕਰੀਬਨ ਦਸਾਂ ਦਿਨਾਂ ਵਿੱਚ ਹੀ ਫੇਲ੍ਹ ਹੋ ਗਿਆ, ਪਰ ਭਾਰਤ ਨੇ ਚੰਦ ਦੇ ਦੱਖਣੀ ਧਰੁਵ 'ਤੇ ਚੰਦਰਯਾਨ ਦੀ ਸੌਫਟ ਲੈਂਡਿੰਗ ਕਰਾ ਕੇ ਇਤਿਹਾਸ ਰਚ ਦਿੱਤਾ। ਸਾਰੇ ਦੇਸ਼ਾਂ ਵਿੱਚ ਚੰਦ 'ਤੇ ਜਾਣ ਦੀ ਤਾਂਘ ਇਸ ਕਰਕੇ ਹੈ ਕਿ ਉੱਥੇ ਪਾਣੀ ਦੀ ਖੋਜ ਕੀਤੀ ਜਾਵੇ ਅਤੇ ਅਲੱਗ-ਅਲੱਗ ਤਰ੍ਹਾਂ ਦੇ ਖਣਿਜ ਪਦਾਰਥਾਂ ਦੀ ਖੋਜ ਕੀਤੀ ਜਾਵੇ। ਸਾਰੀਆਂ ਖੋਜਾਂ ਦਾ ਅੰਤਿਮ ਟੀਚਾ ਇਹ ਹੈ ਕਿ ਕਦੀ ਭਵਿੱਖ ਵਿੱਚ ਮਨੁੱਖ ਦੀ ਬਸਤੀ ਚੰਦ 'ਤੇ ਵਸਾਈ ਜਾਵੇ। ਸਾਰੀ ਦੁਨੀਆ ਦੇ ਦੇਸ਼ ਇਸੇ ਦੌੜ ਵਿੱਚ ਸਿਰਮੌਰ ਹੋਣ ਦਾ ਯਤਨ ਕਰਦੇ ਰਹੇ ਹਨ। ਦੇਸ਼ਾਂ ਨੇ ਚੰਦ ਤੋਂ ਬਾਅਦ ਮੰਗਲ ਤੱਕ ਜਾਣ ਦੇ ਸੁਪਨੇ ਵੀ ਦੇਖੇ ਹਨ ਤੇ ਯਤਨ ਵੀ ਕੀਤੇ ਹਨ। ਭਾਰਤ ਨੇ ਤਾਂ ਇੱਕ ਕਦਮ ਅੱਗੇ ਪੁੱਟਦੇ ਹੋਏ ਸੂਰਜ 'ਤੇ ਖੋਜ ਲਈ ਵੀ ਆਦਿਤਯਾ ਐਲ 1 ਨਾਂਅ ਦਾ ਮਿਸ਼ਨ ਵੀ ਲਾਂਚ ਕਰ ਦਿੱਤਾ ਹੈ।

ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਇੱਕ ਪਾਸੇ ਮਨੁੱਖ ਚੰਦ 'ਤੇ ਪਾਣੀ ਲੱਭਣ ਦੀ ਜਾਂਚ ਕਰ ਰਿਹਾ ਹੈ, ਪਰ ਦੂਜੇ ਪਾਸੇ ਧਰਤੀ ਦੇ ਪਾਣੀ ਦੇ ਸਰੋਤਾਂ ਨੂੰ ਆਪਣੀਆਂ ਅਨੈਤਿਕ ਗਤੀਵਿਧੀਆਂ ਕਾਰਨ ਗੰਧਲਾ ਕਰ ਰਿਹਾ ਹੈ। ਰਾਜਸਥਾਨ, ਕੇਰਲ, ਮੱਧ ਪ੍ਰਦੇਸ਼ ਦੇ ਕਈ ਰਿਮੋਟ ਇਲਾਕਿਆਂ ਵਿੱਚ ਪਾਣੀ ਲੱਗਭੱਗ ਖ਼ਤਮ ਹੋ ਚੁੱਕਾ ਹੈ। ਪਿੱਛੇ ਜਿਹੇ ਅਖ਼ਬਾਰ ਵਿੱਚ ਰਿਪੋਰਟ ਸੀ ਕਿ ਕਿਵੇਂ ਪਾਣੀ ਤੋਂ ਵਾਂਝੇ ਕਿਸੇ ਪਿੰਡ ਵਿੱਚ ਜਿੱਥੋਂ ਟਰੱਕ ਰੇਤਾ ਲੱਦ ਕੇ ਲੰਘਦੇ ਸਨ, ਉਸ ਦੇ ਪਿੱਛੇ ਲੋਕ ਬਾਲਟੀਆਂ ਲੈ ਕੇ ਟਰੱਕ ਵਿੱਚ ਲੱਦੀ ਗਿੱਲੀ ਰੇਤਾ ਵਿੱਚੋਂ ਰਿਸਦੇ ਪਾਣੀ ਨੂੰ ਇਕੱਠਾ ਕਰਨ ਲਈ ਦੌੜ ਰਹੇ ਹਨ। ਇਹ ਭਵਿੱਖ ਵਿੱਚ ਹੋਣ ਵਾਲੀ ਪਾਣੀ ਦੀ ਕਿੱਲਤ ਦੀ ਭਿਆਨਕ ਤਸਵੀਰ ਬਿਆਨ ਕਰਨ ਲਈ ਕਾਫੀ ਹੈ।

ਮਨੁੱਖ ਚੰਦ ਅਤੇ ਮੰਗਲ ਗ੍ਰਹਿ 'ਤੇ ਮਨੁੱਖੀ ਬਸਤੀਆਂ ਵਸਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਤੇ ਦੂਸਰੇ ਪਾਸੇ ਧਰਤੀ ਤੇ ਰਹਿੰਦੇ ਮਨੁੱਖ ਝੁੱਗੀ ਝੌਂਪੜੀਆਂ ਤੇ ਫੁੱਟਪਾਥ 'ਤੇ ਰਹਿਣ ਨੂੰ ਮਜਬੂਰ ਹਨ। ਕੀ ਸਰਕਾਰਾਂ ਨੇ ਧਰਤੀ 'ਤੇ ਰਹਿੰਦੇ ਹਰ ਮਨੁੱਖ ਲਈ ਰਹਿਣ ਦਾ ਪ੍ਰਬੰਧ ਕਰ ਲਿਆ ਹੈ?

ਭਾਰਤ ਨੇ ਜੋ ਮਿਸ਼ਨ ਆਦਿਤਯ ਐਲ-1 ਲਾਂਚ ਕੀਤਾ ਹੈ, ਉਸ ਅਧੀਨ ਇਹ ਧਰਤੀ 'ਤੇ ਸੂਰਜ ਵਿਚਾਲੇ ਲੈਂਗਰੇਜ ਪੁਆਇੰਟ 'ਤੇ ਪਹੁੰਚ ਕੇ ਆਪਣੀ ਖੋਜ ਸ਼ੁਰੂ ਕਰ ਚੁੱਕਾ ਹੈ। ਸਾਇੰਸ ਨੇ ਇੰਨੀ ਤਰੱਕੀ ਕਰ ਲਈ ਹੈ ਕਿ ਹੁਣ ਧਰਤੀ 'ਤੇ ਬੈਠੇ ਹੀ ਕਰੋੜਾਂ ਕਿਲੋਮੀਟਰ ਦੂਰ ਕਿਸੇ ਬ੍ਰਹਿਮੰਡ ਦੀ ਘਟਨਾ ਦੀ ਜਾਂਚ ਕਰਨਾ ਸੰਭਵ ਹੋ ਗਈ ਹੈ, ਪਰ ਪਿੱਛੇ ਜਿਹੇ ਉੱਤਰਾਕਾਸ਼ੀ ਵਿੱਚ ਜੋ ਟਨਲ ਹਾਦਸਾ ਹੋਇਆ, ਉਸ ਹਾਦਸੇ ਨੂੰ ਦੇਖਦੇ ਹੋਏ ਸਾਇੰਸ ਦੀ ਇੰਨੀ ਤਰੱਕੀ ਮਨੁੱਖ ਦੇ ਕਿਸ ਕੰਮ ਆ ਰਹੀ ਹੈ ਇਹ ਇੱਕ ਸੋਚਣ ਦਾ ਵਿਸ਼ਾ ਹੈ, ਜਿੱਥੇ ਸੁਰੰਗ ਅੰਦਰ ਫਸੇ 41 ਮਜ਼ਦੂਰਾਂ ਲਈ ਤਕਰੀਬਨ 100 ਮੀਟਰ ਦਾ ਫੈਸਲਾ ਤੈਅ ਕਰਨ ਵਿੱਚ ਸਰਕਾਰਾਂ ਨੂੰ 17 ਦਿਨ ਲੱਗ ਗਏ।

ਉੱਤਰਾਖੰਡ ਦੀ ਟਨਲ ਵਿੱਚ ਜੋ ਹਾਦਸਾ ਹੋਇਆ ਉਹ 12 ਨਵੰਬਰ 2023 ਨੂੰ ਹੋਇਆ। ਇਹ ਟਨਲ ਨੈਸ਼ਨਲ ਹਾਈਵੇ 134 ਨੂੰ ਆਪਸ ਵਿੱਚ ਜੋੜਨ ਲਈ ਬਣਾਈ ਜਾ ਰਹੀ ਸੀ। ਇਸ ਸੁਰੰਗ ਹਾਦਸੇ ਵਿੱਚ ਫਸੇ ਮਨੁੱਖਾਂ ਦੀ ਜ਼ਿੰਦਗੀ ਬਚਾਉਣ ਲਈ ਐਨ ਡੀ ਆਰ ਐਫ, ਐਸ ਡੀ ਆਰ ਐਫ, ਭਾਰਤੀ ਸੈਨਾ ਦੇ ਇੰਜੀਨੀਅਰਿੰਗ ਕੋਰ ਅਤੇ ਉੱਤਰਾਖੰਡ ਪੁਲਸ ਨੇ ਮਿਲ ਜੁਲ ਕੇ 16 ਨਵੰਬਰ ਨੂੰ ਅਪਰੇਸ਼ਨ ਜ਼ਿੰਦਗੀ ਸ਼ੁਰੂ ਕੀਤਾ। ਇਸ ਆਪਰੇਸ਼ਨ ਦੇ ਤਹਿਤ ਸੁਰੰਗ ਕੇ ਵਿੱਚ ਖੁਦਾਈ ਨੂੰ ਅੱਗੇ ਵਧਾਉਂਦੇ ਹੋਏ ਮਜ਼ਦੂਰਾਂ ਤੱਕ ਪਹੁੰਚਣ ਦਾ ਯਤਨ ਕੀਤਾ ਗਿਆ, ਪਰ ਜਿਸ ਮਸ਼ੀਨ ਨਾਲ ਡਰਿੱਲ ਕੀਤੀ ਜਾ ਰਹੀ ਸੀ, ਉਹ ਡਰਿੱਲ ਮਸ਼ੀਨ ਅੱਧ ਰਸਤੇ ਵਿੱਚ ਹੀ ਜਵਾਬ ਦੇ ਗਈ। ਇਸ ਤੋਂ ਬਾਅਦ ਬੀ ਆਰ ਓ ਵੱਲੋਂ ਤਕਰੀਬਨ ਕਿਲੋ ਕੁ ਮੀਟਰ ਲੰਬੀ ਸੜਕ ਬਣਾ ਕੇ ਪਹਾੜ ਦੀ ਚੋਟੀ ਦੇ ਉੱਤੇ ਪਹੁੰਚ ਕੇ ਵਰਟੀਕਲ ਡਰਿੱਲ ਕਰਨ ਦਾ ਯਤਨ ਕੀਤਾ ਗਿਆ, ਪਰ ਜਦੋਂ ਸਾਰੇ ਯਤਨ ਸਫਲ ਨਾ ਹੋਏ ਤਾਂ ਆਖਿਰਕਾਰ 28 ਨਵੰਬਰ ਨੂੰ ਰੇਟ ਹੋਲ ਮਾਇਨਰਸ ਦਾ ਦਸਤਾ ਸੁਰੰਗ ਵਿੱਚ ਗਿਆ ਅਤੇ ਮਨੁੱਖੀ ਹੱਥਾਂ ਨਾਲ ਤਕਰੀਬਨ 10 ਮੀਟਰ ਲੰਬੀ ਖੁਦਾਈ ਕਰਕੇ ਮਿਸ਼ਨ ਪੂਰਾ ਕੀਤਾ ਗਿਆ। ਅੰਤ ਵਿੱਚ ਜਿੱਥੇ ਮਾਡਰਨ ਮਸ਼ੀਨਾਂ ਅਤੇ ਸਾਇੰਸ ਦੀ ਤਰੱਕੀ ਕੰਮ ਨਾ ਆਈ, ਉੱਥੇ ਮਨੁੱਖੀ ਹੱਥ ਹੀ ਸਹਾਈ ਹੋਏ।

ਸਰਕਾਰਾਂ ਨੂੰ ਚਾਹੀਦਾ ਹੈ ਕਿ ਸਭ ਤੋਂ ਪਹਿਲਾਂ ਇਸ ਦੀ ਯੋਜਨਾ ਬਣਾਈ ਜਾਵੇ ਕਿ ਸਾਇੰਸ ਦੀ ਤਰੱਕੀ ਦਾ ਤੁਰੰਤ ਲਾਭ ਮਨੁੱਖੀ ਜੀਵਨ ਨੂੰ ਕਿਵੇਂ ਮਿਲੇ ਅਤੇ ਕੁਦਰਤ ਨਾਲ ਬੇਲੋੜੀ ਛੇੜਛਾੜ ਕੀਤੇ ਬਗੈਰ ਕਿਵੇਂ ਇਸ ਦੇ ਸਰੋਤਾਂ ਦਾ ਢੁੱਕਵਾਂ ਪ੍ਰਯੋਗ ਹੋਵੇ? ਸਰਕਾਰੀ ਬੱਜਟ ਅਤੇ ਸਾਇੰਸ ਦਾ ਪਹਿਲਾ ਇਸਤੇਮਾਲ ਮਨੁੱਖ ਦੀਆਂ ਮੁੱਢਲੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਹੋਵੇ।

***# ਸੰਪਰਕ : 81465-46260***

# ਭਾਰਤ 'ਚ ਉਚੇਰੀ ਸਿੱਖਿਆ ਦੇ ਖੇਤਰ ਨੂੰ ਦਰਪੇਸ਼ ਚੁਣੌਤੀਆਂ

**ਡਾ. ਅਰਵਿੰਦਰ ਸਿੰਘ ਭੱਲਾ**

ਅਜੋਕੇ ਸਮੇਂ ਵਿੱਚ ਉਚੇਰੀ ਸਿੱਖਿਆ ਦੇ ਖੇਤਰ ਵਿੱਚ ਬਿਨਾਂ ਕਿਸੇ ਡੂੰਘੇ ਅਧਿਐਨ ਦੇ ਨਿੱਤ ਨਵੇਂ ਤਜਰਬੇ ਕੀਤੇ ਜਾ ਰਹੇ ਹਨ। ਇਸ ਦੇ ਫਲਸਰੂਪ ਭਾਰਤ ਵਿੱਚ ਉਚੇਰੀ ਸਿੱਖਿਆ ਦਾ ਮਿਆਰ ਅਤੇ ਵਿਦਿਆਰਥੀਆਂ ਵਿੱਚ ਉਚੇਰੀ ਸਿੱਖਿਆ ਪ੍ਰਤੀ ਰੁਝਾਨ ਘਟਦਾ ਜਾ ਰਿਹਾ ਹੈ। ਭਾਰਤ ਵਿੱਚ ਉਚੇਰੀ ਸਿੱਖਿਆ ਹਾਸਲ ਕਰਨ ਦੇ ਘਟ ਰਹੇ ਰੁਝਾਨ ਲਈ ਸਭ ਤੋਂ ਮਹੱਤਵਪੂਰਨ ਰੁਕਾਵਟਾਂ 'ਚੋਂ ਭਾਰਤ ਵਿਚ ਉਚੇਰੀ ਸਿੱਖਿਆ ਨਾਲ ਜੁੜੀਆਂ ਸੰਸਥਾਵਾਂ ਤੱਕ ਗਰੀਬ ਵਿਦਿਆਰਥੀਆਂ ਦੀ ਸੀਮਤ ਪਹੁੰਚ, ਉਚੇਰੀ ਸਿੱਖਿਆ ਦੀ ਗੁਣਵੱਤਾ ਦੀ ਕਮੀ, ਯੋਗ ਮਾਰਗਦਰਸ਼ਨ, ਜਾਣਕਾਰੀ ਤੇ ਪੇਸ਼ਾਵਰ ਸਲਾਹ ਦੀ ਘਾਟ, ਉੱਚ ਸਿੱਖਿਆ ਦੀ ਉਚੇਰੀ ਕੀਮਤ, ਵਿਦਿਆਰਥੀ ਦੀ ਕਮਜ਼ੋਰ ਵਿੱਤੀ ਸਥਿਤੀ ਆਦਿ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਵਿਦਿਆਰਥੀਆਂ ਦੇ ਦਾਖਲੇ ਨੂੰ ਪ੍ਰਭਾਵਿਤ ਕਰ ਰਹੀ ਹੈ। ਦਿਨੋਂ-ਦਿਨ ਮਹਿੰਗੀ ਹੋ ਰਹੀ ਉਚੇਰੀ ਸਿੱਖਿਆ ਦੇ ਨਤੀਜੇ ਵਜੋਂ ਬਹੁਤ ਸਾਰੇ ਵਿਦਿਆਰਥੀ ਇਹ ਸਵਾਲ ਉਠਾਉਂਦੇ ਹਨ ਕਿ ਉਹਨਾਂ ਦੇ ਸੀਮਤ ਵਿੱਤੀ ਸਾਧਨਾਂ ਦੇ ਮੱਦੇਨਜ਼ਰ ਕੀ ਉਹਨਾਂ ਲਈ ਉਚੇਰੀ ਸਿੱਖਿਆ ਹਾਸਲ ਕਰਨਾ ਉਹਨਾਂ ਲਾਹੇਵੰਦ ਹੈ ਜਾਂ ਨਹੀਂ? ਕੋਵਿਡ-19 ਤੋਂ ਬਾਅਦ ਆਰਥਿਕ ਤੰਗੀਆਂ-ਤੁਰਸ਼ੀਆਂ ਨਾਲ ਜੂਝ ਰਹੇ ਨਿਮਨ ਅਤੇ ਮੱਧ ਵਰਗ ਨਾਲ ਸਬੰਧਤ ਵਿਦਿਆਰਥੀਆਂ ਕੋਲ ਉਚੇਰੀ ਸਿੱਖਿਆ ਹਾਸਲ ਕਰਨ ਲਈ ਲੋੜੀਂਦੇ ਸਾਧਨ ਹੀ ਨਹੀਂ ਹਨ, ਜਿਸ ਦੇ ਸਿੱਟੇ ਵਜੋਂ ਆਮ ਤੌਰ ਉੱਪਰ ਇਹ ਦੇਖਣ ਵਿਚ ਆ ਰਿਹਾ ਹੈ ਕਿ ਗਰੀਬ ਬੱਚੇ ਉਚੇਰੀ ਸਿੱਖਿਆ ਪ੍ਰਾਪਤ ਕਰਨ ਤੋਂ ਖੁਦ ਨੂੰ ਅਸਮਰੱਥ ਮਹਿਸੂਸ ਕਰ ਰਹੇ ਹਨ। ਭਾਰਤ ਵਿੱਚ ਸਿੱਖਿਆ ਦੇ ਨਿੱਜੀਕਰਨ ਦੇ ਫਲਸਰੂਪ ਹੁਣ ਉਚੇਰੀ ਸਿੱਖਿਆ ਵੀ ਹੌਲੀ-ਹੌਲੀ ਸਮਾਜ ਦੇ ਨਿਮਨ ਤੇ ਮੱਧ ਵਰਗ ਦੀ ਪਹੁੰਚ ਤੋਂ ਬਾਹਰ ਹੁੰਦੀ ਜਾ ਰਹੀ ਹੈ। ਭਾਰਤ ਵਿੱਚ ਬਹੁਗਿਣਤੀ ਵਿਦਿਆਰਥੀਆਂ ਦੀਆਂ ਆਪਣੇ ਪਰਵਾਰਾਂ ਪ੍ਰਤੀ ਵਿੱਤੀ ਜ਼ਿੰਮੇਵਾਰੀਆਂ ਵੀ ਪਿਛਲੇ ਸਮੇਂ ਦੌਰਾਨ ਪਹਿਲਾਂ ਨਾਲੋਂ ਬਹੁਤ ਵਧ ਗਈਆਂ ਹਨ। ਗਰੀਬ ਪਰਵਾਰਾਂ ਵੱਲੋਂ ਆਪਣੇ ਬੱਚਿਆਂ ਉੱਪਰ ਕੋਈ ਨਾ ਕੋਈ ਕੰਮ-ਧੰਦਾ ਅਪਣਾਉਣ ਜਾਂ ਨੌਕਰੀ ਕਰਨ ਲਈ ਵਧੇਰੇ ਦਬਾਅ ਪਾਉਣ ਦੇ ਨਤੀਜੇ ਵਜੋਂ ਹੋਣਹਾਰ ਵਿਦਿਆਰਥੀ ਵੀ ਆਪਣੀ ਉਚੇਰੀ ਸਿੱਖਿਆ ਨੂੰ ਮਜਬੂਰੀਵੱਸ ਅਧਵਾਟੇ ਹੀ ਛੱਡ ਰਹੇ ਹਨ।

ਇੱਥੇ ਇਹ ਸਮਝਣ ਦੀ ਲੋੜ ਹੈ ਕਿ ਘੱਟ ਦਾਖਲਾ ਦਰਾਂ ਜ਼ਰੂਰੀ ਤੌਰ 'ਤੇ ਕਿਸੇ ਕਾਲਜ ਜਾਂ ਯੂਨੀਵਰਸਿਟੀ ਵਿੱਚ ਸਿੱਖਿਆ ਦੀ ਗੁਣਵੱਤਾ ਨੂੰ ਦਰਸਾਉਣ ਦਾ ਇਕਲੌਤਾ ਮਾਪਦੰਡ ਨਹੀਂ ਹਨ। ਕਾਲਜਾਂ ਅਤੇ ਯੂਨੀਵਰਸਿਟੀਆਂ ਦਾ ਮੁਲਾਂਕਣ ਕਰਦੇ ਸਮੇਂ ਦਾਖਲਾ ਦਰਾਂ ਤੋਂ ਪਰੇ ਹੋਰ ਬਹੁਤ ਸਾਰੇ ਕਾਰਕ ਗਤੀਸ਼ੀਲ ਹਨ। ਹਰ ਇੱਕ ਸੰਸਥਾ ਦੀਆਂ ਆਪਣੀਆਂ ਸ਼ਕਤੀਆਂ ਅਤੇ ਕਮਜ਼ੋਰੀਆਂ ਹਨ। ਭਾਰਤ ਵਿੱਚ ਉੱਚ-ਪੱਧਰੀ ਸੰਸਥਾਵਾਂ ਅਕਸਰ ਉੱਚ ਯੋਗਤਾ ਪ੍ਰਾਪਤ ਪ੍ਰੋਫੈਸਰਾਂ ਅਤੇ ਖੋਜਕਰਤਾਵਾਂ ਨੂੰ ਆਕਰਸ਼ਿਤ ਕਰ ਰਹੀਆਂ ਹਨ, ਜਦੋਂ ਕਿ ਦੂਜੇ ਪਾਸੇ ਹੇਠਲੇ-ਪੱਧਰ ਦੀਆਂ ਸੰਸਥਾਵਾਂ ਨੂੰ ਉੱਚ ਪ੍ਰਤਿਭਾਸ਼ਾਲੀ ਅਧਿਆਪਕਾਂ ਤੇ ਨਾਨ-ਟੀਚਿੰਗ ਅਮਲੇ ਦੀ ਭਰਤੀ ਅਤੇ ਸਮੇਂ ਦੇ ਗੁਜ਼ਰਨ ਦੇ ਨਾਲ-ਨਾਲ ਉਹਨਾਂ ਉਚ ਯੋਗਤਾਵਾਂ ਵਾਲੇ ਅਧਿਆਪਕਾਂ ਤੇ ਹੋਰ ਅਮਲੇ ਦੀਆਂ ਸੇਵਾਵਾਂ ਨੂੰ ਬਰਕਰਾਰ ਰੱਖਣ ਵਿੱਚ ਵੀ ਬੇਸ਼ੁਮਾਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਧੁਨਿਕ ਬੁਨਿਆਦੀ ਢਾਂਚੇ, ਲਾਇਬ੍ਰੇਰੀਆਂ, ਪ੍ਰਯੋਗਸ਼ਾਲਾਵਾਂ ਅਤੇ ਹੋਰ ਸਰੋਤਾਂ ਦੀ ਉਪਲੱਬਧਤਾ ਸਿੱਖਿਆ ਦੀ ਗੁਣਵੱਤਾ 'ਤੇ ਮਹੱਤਵਪੂਰਨ ਪ੍ਰਭਾਵ ਪਾਉਂਦੀ ਹੈ। ਭਾਰਤ ਵਿੱਚ ਚੋਟੀ ਦੀਆਂ ਵਿੱਦਿਅਕ ਸੰਸਥਾਵਾਂ ਕੋਲ ਬਿਹਤਰ ਸਹੂਲਤਾਂ ਅਤੇ ਸਰੋਤ ਹੁੰਦੇ ਹਨ, ਜਦੋਂ ਕਿ ਸਰਹੱਦੀ, ਪੇਂਡੂ, ਛੋਟੇ ਕਸਬਿਆਂ, ਕਬਾਇਲੀ, ਪਹਾੜੀ ਤੇ ਆਰਥਿਕ ਤੌਰ ਉੱਪਰ ਪੱਛੜੇ ਹੋਏ ਇਲਾਕਿਆਂ ਵਿੱਚ ਉਚੇਰੀ ਸਿੱਖਿਆ ਨਾਲ ਜੁੜੀਆਂ ਹੋਈਆਂ ਸੰਸਥਾਵਾਂ ਦੀ ਹਾਲਤ ਵਧੇਰੇ ਕਰਕੇ ਤਰਸਯੋਗ ਹੈ। ਇਸੇ ਤਰ੍ਹਾਂ ਭਾਰਤ ਵਿੱਚ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਪੜ੍ਹਾਏ ਜਾਂਦੇ ਪਾਠਕ੍ਰਮ ਅਤੇ ਅਧਿਆਪਨ ਦੇ ਢੰਗ ਵੀ ਅਲੱਗ-ਅਲੱਗ ਪੱਧਰ ਦੇ ਪਾਏ ਜਾਂਦੇ ਹਨ। ਕੁਝ ਸੰਸਥਾਵਾਂ ਅਤਿ-ਆਧੁਨਿਕ ਸਹੂਲਤਾਂ ਦੀ ਸਹਾਇਤਾ ਨਾਲ ਨਵੀਨ ਤੇ ਅੱਪ-ਟੂ-ਡੇਟ ਪਾਠਕ੍ਰਮ ਪੇਸ਼ ਕਰਨ ਦੇ ਸਮਰੱਥ ਹਨ, ਜਦੋਂਕਿ ਆਰਥਿਕ ਵਸੀਲਿਆਂ ਦੀ ਘਾਟ ਨਾਲ ਜੂਝ ਰਹੇ ਕਾਲਜ ਅਤੇ ਯੂਨੀਵਰਸਿਟੀਆਂ ਪਿੱਛੇ ਰਹਿ ਜਾਂਦੇ ਹਨ। ਪ੍ਰਭਾਵੀ ਅਧਿਆਪਨ ਵਿਧੀਆਂ, ਖੋਜ ਦੇ ਉਚਿਤ ਮੌਕੇ ਅਤੇ ਉਦਯੋਗਾਂ ਤੇ ਕਾਰਪੋਰੇਟ ਜਗਤ ਨਾਲ ਪਰਸਪਰ ਸੰਬੰਧਾਂ ਦੇ ਉਪਲੱਬਧ ਹੋਣਾ ਜਾਂ ਫਿਰ ਇਹਨਾਂ ਦਾ ਅਭਾਵ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਮਿਆਰ ਨੂੰ ਨਿਰਧਾਰਤ ਕਰ ਰਿਹਾ ਹੈ। ਭਾਰਤ ਵਿਚ ਸਕਾਲਰਸ਼ਿਪ, ਵਿੱਤੀ ਸਹਾਇਤਾ, ਅਤੇ ਹੋਰ ਸਹਾਇਤਾ ਵਿਧੀਆਂ ਤੱਕ ਪਹੁੰਚ ਵਿਦਿਆਰਥੀਆਂ ਲਈ ਸਿੱਖਿਆ ਦੀ ਗੁਣਵੱਤਾ ਨੂੰ ਪ੍ਰਭਾਵਤ ਕਰ ਰਹੀ ਹੈ।

ਭਾਰਤ ਵਿੱਚ ਉਚੇਰੀ ਸਿੱਖਿਆ ਦੇ ਖੇਤਰ ਨਾਲ ਜੁੜੀਆਂ ਅਹਿਮ ਸਮੱਸਿਆਵਾਂ ਵਿੱਚੋਂ ਇਕ ਹੋਰ ਸਮੱਸਿਆ ਵਿਆਪਕ ਪੱਧਰ ਉੱਪਰ ਇਹ ਦੇਖਣ ਨੂੰ ਮਿਲ ਰਹੀ ਹੈ ਕਿ ਭਾਰਤ ਵਿਚ ਵਿਦਿਆਰਥੀਆਂ ਵਿੱਚ ਵੱਖ-ਵੱਖ ਕਾਰਨਾਂ ਕਰਕੇ ਆਪਣੇ ਅਕਾਦਮਿਕ ਟੀਚਿਆਂ ਨੂੰ ਹਾਸਲ ਕਰਨ ਦਾ ਰੁਝਾਨ ਵੀ ਘਟ ਰਿਹਾ ਹੈ। ਇਸ ਪਿੱਛੇ ਵਿਦਿਆਰਥੀਆਂ ਵਿਚ ਰੁਜ਼ਗਾਰ ਦੇ ਮੌਕਿਆਂ ਨੂੰ ਲੈ ਕੇ ਬੇਯਕੀਨੀ ਪ੍ਰਮੁੱਖ ਭੂਮਿਕਾ ਨਿਭਾਅ ਰਹੀ ਹੈ। ਮਜ਼ਬੂਤ ਇੱਛਾ ਸ਼ਕਤੀ ਅਤੇ ਸੰਜੀਦਗੀ ਦੀ ਕਮੀ ਕਾਰਨ ਨੌਜਵਾਨ ਵਰਗ ਦੁਚਿੱਤੀ ਤੇ ਨਿਰਾਸ਼ਤਾ ਦਾ ਸ਼ਿਕਾਰ ਹੋ ਰਿਹਾ ਹੈ। ਸਿਆਸੀ ਅਤੇ ਅਕਾਦਮਿਕ ਪੱਧਰ ਉੱਪਰ ਲੋੜੀਂਦੀ ਇੱਛਾ ਸ਼ਕਤੀ ਅਤੇ ਸੁਹਿਰਦਤਾ ਦੀ ਕਮੀਂ ਕਾਰਨ ਨੌਜਵਾਨਾਂ ਸਾਹਮਣੇ ਆਪਣੇ ਕਰੀਅਰ ਅਤੇ ਭਵਿੱਖ ਨੂੰ ਲੈ ਕੇ ਸਪੱਸ਼ਟ ਟੀਚੇ ਨਾ ਹੋਣਾ ਆਪਣੇ-ਆਪ ਵਿੱਚ ਚਿੰਤਾ ਅਤੇ ਚਿੰਤਨ ਦਾ ਵਿਸ਼ਾ ਹੈ।

ਭਾਰਤ ਵਿੱਚ ਜਿਹੜੇ ਵਿਦਿਆਰਥੀ ਅਤੀਤ ਅਤੇ ਵਰਤਮਾਨ ਵਿੱਚ ਉਚੇਰੀ ਸਿੱਖਿਆ ਪ੍ਰਾਪਤ ਕਰਨ ਪਿੱਛੋਂ ਰੁਜ਼ਗਾਰ ਹਾਸਲ ਕਰਨ ਦੇ ਸੰਘਰਸ਼ ਵਿੱਚੋਂ ਗੁਜ਼ਰੇ ਜਾਂ ਗੁਜ਼ਰ ਰਹੇ ਹਨ, ਉਹਨਾਂ ਵੱਲ ਦੇਖਾ-ਦੇਖੀ ਵਿਦਿਆਰਥੀਆਂ ਵਿੱਚ ਉਚੇਰੀ ਸਿੱਖਿਆ ਹਾਸਲ ਕਰਨ ਦਾ ਰੁਝਾਨ ਘੱਟ ਰਿਹਾ ਹੈ। ਨਤੀਜੇ ਵਜੋਂ ਵਿਦਿਆਰਥੀ ਵਰਗ ਕਾਲਜ ਜਾਂ ਯੂਨੀਵਰਸਿਟੀ ਪੱਧਰ 'ਤੇ ਆਪਣੀ ਸਿੱਖਿਆ ਜਾਰੀ ਰੱਖਣ ਤੋਂ ਝਿਜਕ ਰਹੇ ਹਨ। ਪ੍ਰਾਈਵੇਟ ਕਾਲਜਾਂ ਅਤੇ ਪ੍ਰਾਈਵੇਟ ਯੂਨੀਵਰਸਿਟੀਆਂ ਵਿੱਚ ਫੀਸਾਂ ਦਾ ਬੋਝ, ਡਮੀ (ਨਕਲੀ ਜਾਂ ਫਰਜ਼ੀ) ਦਾਖਲੇ ਲੈ ਕੇ ਵਿਦਿਆਰਥੀਆਂ ਵਿੱਚ ਫੇਲ੍ਹ ਹੋਣ ਜਾਂ ਕੋਰਸਵਰਕ ਨੂੰ ਜਾਰੀ ਰੱਖਣ ਦੇ ਯੋਗ ਨਾ ਹੋਣ ਦਾ ਡਰ, ਆਪਣੇ ਕਰੀਅਰ ਨੂੰ ਲੈ ਕੇ ਗੈਰ-ਸੰਜੀਦਗੀ ਅਤੇ ਆਰਥਿਕ ਮੰਦਹਾਲੀ ਵੀ ਉਹਨਾਂ ਨੂੰ ਉਚੇਰੀ ਸਿੱਖਿਆ ਨੂੰ ਜਾਰੀ ਰੱਖਣ ਤੋਂ ਰੋਕ ਰਹੀ ਹੈ। ਇਸ ਤੋਂ ਉਲਟ ਕੁਝ ਪਰਵਾਰਾਂ ਵਿੱਚ ਇਹ ਰੁਝਾਨ ਵੀ ਦੇਖਣ ਨੂੰ ਮਿਲ ਰਿਹਾ ਕਿ ਵਿਦਿਆਰਥੀਆਂ ਦੀ ਰੁਚੀ, ਪਸੰਦ ਅਤੇ ਤਰਜੀਹ ਨੂੰ ਵਿਚਾਰੇ ਬਿਨਾਂ ਮਾਪਿਆਂ ਵੱਲੋਂ ਆਪਣੀਆਂ ਖਾਹਿਸ਼ਾਂ ਤੇ ਉਮੀਦਾਂ ਦਾ ਵਾਧੂ ਭਾਰ ਵਿਦਿਆਰਥੀਆਂ ਉੱਤੇ ਲੱਦ ਦਿੱਤਾ ਜਾਂਦਾ ਹੈ ਤੇ ਸਿੱਟੇ ਵਜੋਂ ਵਿਦਿਆਰਥੀ ਬੱਧੋ-ਰੁਧੀ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਦਾਖਲਾ ਤਾਂ ਪ੍ਰਾਪਤ ਕਰ ਲੈਂਦੇ ਹਨ, ਲੇਕਿਨ ਉਹ ਡਿਗਰੀਆਂ ਹਾਸਲ ਕਰਕੇ ਵੀ ਵਿਵਹਾਰਿਕ ਜ਼ਿੰਦਗੀ ਵਿੱਚ ਕਾਮਯਾਬ ਨਹੀਂ ਹੋ ਪਾ ਰਹੇ ਹਨ।

ਅਜੋਕੇ ਸਮੇਂ ਵਿੱਚ ਭਾਰਤ ਦਾ ਵਿਦਿਆਰਥੀ ਵਰਗ ਬਦਲਵੇਂ ਵਿਕਲਪਾਂ ਵੱਲ ਆਕਰਸ਼ਿਤ ਹੋ ਰਿਹਾ ਹੈ, ਜਿਵੇਂ ਕਿ ਕਿੱਤਾਮੁਖੀ ਕੋਰਸ, ਕਿੱਤਿਆਂ ਨਾਲ ਸੰਬੰਧਤ ਸਿਖਲਾਈ ਪ੍ਰੋਗਰਾਮ, ਅਪ੍ਰੈਂਟਿਸਸ਼ਿਪ ਜਾਂ ਉੱਦਮਤਾ, ਜੋ ਕਿ ਰਵਾਇਤੀ ਕਾਲਜ ਡਿਗਰੀ ਤੋਂ ਬਿਨਾਂ ਹੁਨਰ ਵਿਕਾਸ ਅਤੇ ਕਰੀਅਰ ਦੀ ਤਰੱਕੀ ਦੇ ਮੌਕੇ ਪ੍ਰਦਾਨ ਕਰਦੇ ਹਨ। ਕੁਝ ਮਾਮਲਿਆਂ ਵਿੱਚ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਵਿੱਚ ਸਮਾਂ ਅਤੇ ਪੈਸਾ ਲਗਾਉਣ ਦੀ ਬਜਾਏ, ਤੁਰੰਤ ਨੌਕਰੀ ਦੇ ਮੌਕਿਆਂ ਜਾਂ ਹਾਈ ਸਕੂਲ ਤੋਂ ਹੀ ਇੱਕ ਸਥਿਰ ਆਮਦਨ ਕਮਾਉਣ ਦੀਆਂ ਸੰਭਾਵਨਾਵਾਂ ਦਾ ਝਾਂਸਾ ਦੇ ਕੇ ਲੁਭਾਇਆ ਜਾ ਰਿਹਾ ਹੈ। ਬੇਸ਼ੱਕ ਅੱਜ ਵਿਕਲਪਕ ਮਾਰਗਾਂ ਅਤੇ ਗੈਰ-ਰਵਾਇਤੀ ਸਿੱਖਿਆ ਵਿਕਲਪਾਂ ਨੂੰ ਵੱਧ ਤੋਂ ਵੱਧ ਮਾਨਤਾ ਪ੍ਰਦਾਨ ਕੀਤੀ ਜਾ ਰਹੀ ਹੈ, ਲੇਕਿਨ ਰਸਮੀ ਤੌਰ ਉੱਪਰ ਉਚੇਰੀ ਸਿੱਖਿਆ ਹਾਸਲ ਕਰਨ ਦੇ ਮਹੱਤਵ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਭਾਰਤ ਵਿਚ ਵਿਦਿਆਰਥੀਆਂ ਨੂੰ ਉਹਨਾਂ ਦੇ ਟੀਚਿਆਂ ਨੂੰ ਹਾਸਲ ਕਰਨ ਲਈ ਹੋਰ ਵਿਕਲਪ ਪ੍ਰਦਾਨ ਕਰਨਾ ਕਿਸੇ ਵੀ ਯੂਨੀਵਰਸਿਟੀ ਜਾਂ ਕਾਲਜ ਦੀ ਕਾਰਜਕੁਸ਼ਲਤਾ ਤੇ ਗੁਣਵੱਤਾ ਦੇ ਮਹੱਤਵਪੂਰਨ ਸੂਚਕ ਹਨ।

(● ਬਾਕੀ ਸਫ਼ਾ 8 'ਤੇ)

